ਮਾਸਕ ਪੱਤਰ

੧ੴ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

## ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ

ਇਹ ਭਿਆਨਕ ਖ਼ੂਨੀ ਸਾਕਾ ੨੧ ਫ਼ਰਵਰੀ ੧੯੨੧ ਨੂੰ ਵਾਪਰਿਆ ਸੀ ।

FEB 1988



ਫ਼ਰਵਰੀ ੧੯੮੮

www.AKJ.Org

# ਤ ਤ ਕ ਰਾ


| | | |
|---|---|---|
| ਜਗਤ ਦਾ ਨਿਸਤਾਰਾ | ੩ | 'ਅੰਮ੍ਰਿਤ ਕੀ ਹੈ' ਵਿਚੋਂ |
| ਅੰਮ੍ਰਿਤ ਦੀ ਵਿਆਖਿਆ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰਮੁਖੀ ਬਾਣੀ | ੮ | ਪ੍ਰੋ: ਸਾਹਿਬ ਸਿੰਘ ਜੀ ਡੀ. ਲਿਟ. |
| ਅਰਦਾਸ ਦਾ ਫ਼ਲਸਫ਼ਾ | ੧੩ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਸਿੱਖੀ ਦੀ ਫੁਲਵਾੜੀ (ਕਵਿਤਾ) | ੧੮ | ਗਿ: ਗੋਪਾਲ ਸਿੰਘ ਜੀ ਮਿੱਤਰ |
| ਕਬੀਰ ਜੋਰੁ ਕੀਆ ਸੋ ਜੁਲਮ ਹੈ ਲੇਇ ਜਬਾਬੁ ਖੁਦਾਇ | ੧੯ | ਸ: ਗੁਰਸਾਗਰ ਸਿੰਘ ਜੀ |
| ਭਲਕੇ ਉਠਿ ਹਰਿ ਨਾਮੁ ਧਿਆਵੈ | ੨੧ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰ | ੨੫ | ਸ: ਮਦਨ ਸਿੰਘ ਜੀ |
| ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ | ੨੮ | ਸ: ਨਰੈਣ ਸਿੰਘ ਜੀ ਐਮ. ਏ. |
| ਕੁਰਬਾਨੀ ਹੈ ਬੜੀ ਅਮੁਲੀ (ਕਵਿਤਾ) | ੩੬ | ਸ: ਅਤਰ ਸਿੰਘ ਜੀ ਨੀਰ |
| ਬਾਬਾ ਦੀਪ ਸਿੰਘ ਜੀ | ੩੮ | ਸ: ਜੋਗਿੰਦਰ ਸਿੰਘ ਜੀ |


## ਭਾ: ਸਾ: ਭਾ: ਰਣਧੀਰ ਸਿੰਘ ਜੀ—ਕੀਰਤਨ ਉਤਸ਼ਾਹਤ ਸਕੀਮ

ਜਿਨ੍ਹਾਂ (੨੦ ਸਾਲ ਦੀ ਉਮਰ ਤਕ ਦ) ਅੰਮ੍ਰਿਤਧਾਰੀ ਬੱਚਿਆਂ ਦੇ ਜ਼ਬਾਨੀ ਆਸਾ ਜੀ ਦੀ ਵਾਰ (ਸ਼ਬਦ ਛਕਿਆਂ ਸਮੇਤ) ਦਾ ਕੀਰਤਨ ਦੀ ਯੋਗਤਾ ਵਿਚ ਇਮਤਿਹਾਨ ਦੇਣਾ ਹੋਵੇ, ਉਹ ਇਸ ਸੰਬੰਧੀ ੨੩-ਜੀ, ਸਰਾਭਾ ਨਗਰ ਲੁਧਿਆਣਾ ਤੋਂ ਲੋੜੀਂਦੇ ਫ਼ਾਰਮ ਮੰਗਵਾ ਕੇ, ਉਨ੍ਹਾਂ ਨੂੰ ਠੀਕ ਢੰਗ ਨਾਲ ਭਰ ਕੇ ਮੁੜ ਓਸੇ ਪਤੇ ਤੇ ੩੧ ਮਾਰਚ ੧੯੯੮ ਤੱਕ ਵਾਪਸ ਭੇਜ ਦੇਣ। ਤਾਂ ਜੁ ਵੈਸਾਖੀ ਦੇ ਪੁਰਬ ਤੇ ਉਨ੍ਹਾਂ ਦਾ ਟੈੱਸਟ ਲਿਆ ਜਾ ਸਕੇ।

ਸਕੱਤ੍ਰ, ਭਾ: ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ

## ਭਾ: ਸਾ: ਰਣਧੀਰ ਸਿੰਘ ਗੁਰਮਤਿ/ਕੀਰਤਨ ਵਿਦਿਆਲਾ

ਪੋਹ ਸੁਦੀ ਸਤਮੀ ਦੇ ਲੁਧਿਆਣਾ ਵਿਖੇ ੨੫-੨੭ ਦਸੰਬਰ ੯੭ ਨੂੰ ਗੁਰਪੁਰਬ-ਸਮਾਗਮ ਸਮੇਂ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ' ਦੀ ਮੀਟਿੰਗ ਹੋਈ। ਮੀਟਿੰਗ ਵਿਚ ਹੋਏ ਫ਼ੈਸਲੇ ਦੀ ਜਾਣਕਾਰੀ ਗੁਰਸਿਖ ਸੰਗਤਾਂ ਨੂੰ ਦਿਤੀ ਗਈ, ਜਿਸ ਅਨੁਸਾਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਚ ਭਾਈ ਸਾਹਿਬ ਜੀ ਦੀ ਅਦੁਤੀ ਦੇਣ ਨੂੰ ਤਾਜ਼ਾ ਤੇ ਬਰਕਰਾਰ ਰਖਣ ਲਈ ਗੁਰਮਤਿ/ਕੀਰਤਨ ਵਿਦਿਆਲਾ ਦੀ ਸਥਾਪਤੀ ਅਤੇ ਉਨ੍ਹਾਂ ਦੀਆਂ ਬਹੁ-ਮੁੱਲੀਆਂ ਲੇਖਣੀਆਂ ਦੇ ਦਾਇਮੀ ਪਰਕਾਸ਼ਨਾ ਆਦਿ ਦੇ ਪਰਬੰਧ ਖ਼ਾਤਰ ਦੋ ਏਕੜ ਜ਼ਮੀਨ ਦਾ ਪਲਾਟ ਖਰੀਦਿਆ ਜਾ ਰਿਹਾ ਹੈ, ਜਿਸ ਦੀ ਪਹਿਲੀ (ਚੌਥਾਈ) ਕਿਸ਼ਤ ਤੁਰੰਤ ਭਰਨ-ਜੋਗ ਹੈ, ਜਿਸ ਦੀ ਰਕਮ ੧੬੬,੭੩੦/—ਰੁਪਏ ਬਣਦੀ ਹੈ। ਇਸ ਪ੍ਰੋਜੈਕਟ ਦੀ ਪੂਰਤੀ ਲਈ ਸੰਗਤਾਂ ਵਿਚ ਗਹਿਰਾ ਉਤਸ਼ਾਹ ਪਾਇਆ ਗਿਆ ਅਤੇ ਮੌਕੇ ਤੇ ਹੀ ਅਨੇਕਾਂ ਸਜਣਾਂ ਪਾਸੋਂ ਨਕਦ ਰਕਮਾਂ ਪ੍ਰਾਪਤ ਹੋਈਆਂ ਅਤੇ ਕਈਆਂ ਨੇ ਯਥਾ ਸ਼ਕਤ ਰਕਮਾਂ ਭੇਜਣ ਦੇ ਅੰਕੜੇ ਲਿਖਵਾਏ।

| | |
|---|---|
| ਹੁਣ ਤਕ ਪ੍ਰਾਪਤ ਹੋ ਚੁਕੀਆਂ ਰਕਮਾਂ ਦਾ ਜੋੜ | ੪੭,੮੭੦-੦੦ |
| ਵਾਇਦੇ ਅਨੁਸਾਰ ਪੁਜਣ ਵਾਲੀਆਂ ਰਕਮਾਂ ਦਾ ਜੋੜ | ੧੮,੫੦੩-੦੦ |

ਪੁਜੀਆਂ ਰਕਮਾਂ ਵਿਚ ਪੰਝੀ ਹਜ਼ਾਰ (੨੫੦੦੦/-) ਦੀ ਰਕਮ ਭੇਜਣ ਦੀ ਸੇਵਾ ਅਖੰਡ ਕੀਰਤਨੀ ਜਥਾ ਦਿਲੀ ਨੇ ਕੀਤੀ ਹੈ।

ਕਿਰਪਾ ਕਰ ਕੇ ਜਿਨ੍ਹਾਂ ਸਜਣਾਂ ਨੇ ਇਸ ਕਾਰਜ ਲਈ ਰਕਮਾਂ ਭੇਜਣੀਆਂ ਹਨ, ਉਹ ਛੇਤੀ ਹੀ ਬੈਂਕ-ਡਰਾਫਟ ਆਦਿ ਰਾਹੀਂ Bhai Sahib Randhir Singh Trust ਦੇ ਨਾਮ ਤੇ ਡਾਕ ਰਾਹੀਂ ਜਾਂ ਦਸਤੀ ਭੇਜਣ ਜੀ।

ਸਕਤ੍ਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ-੧੪੧੦੦੧


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨-੨-੯੮ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ : 43094



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਸਾਲਾਨਾ ਚੰਦਾ
ਦੇਸ ੧੫-੦੦
ਇਕ ਪਰਚਾ ੧-੫੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦
Foreign Subscription
Sea Mail 40-00
Air Mail 100-00
ਅਮਾਨਤੀ
ਲਾਈਫ਼ ਮੈਂਬਰ
ਦੇਸ ੧੫੦-੦੦
ਪਰਦੇਸ (ਸਾਰੇ ਦੇਸ
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੨ ਫ਼ਰਵਰੀ ੧੯੯੮ ਅੰਕ ੨

## ਜਗਤ ਦਾ ਨਿਸਤਾਰਾ

ਅੰਮ੍ਰਿਤ ਨਾਮ ਗੁਰੂ ਸਾਹਿਬ ਤੋਂ ਬਿਨਾਂ ਕਿਤੋਂ ਵੀ ਨਹੀਂ ਲਭ ਸਕਦਾ ਅਤੇ ਨਾਮ ਬਿਨਾਂ ਕਿਸੇ ਦਾ ਨਿਸਤਾਰਾ ਨਹੀਂ ਹੋ ਸਕਦਾ। ਤੇ ਸਤਿਗੁਰੂ ਕੇਵਲ ਗੁਰੂ ਨਾਨਕ ਦੇਵ ਤੇ ਉਨ੍ਹਾਂ ਦੇ ਰੂਪ ਬਾਕੀ ਨੌਂ ਗੁਰੂ ਅਤੇ ਦਸਾਂ ਗੁਰਾਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਜਿਹਾ ਕਿ—

–ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲਿ ਰਾਖੀ ਮੇਰੀ। ੪॥੧੦॥੫੭॥ (ਪੰਨਾ ੭੫੦)
–ਨਾਨਕੰ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰ ਸਰਨਿ ਮਿਲਾਵੈਗੋ ॥੮॥੪॥ (ਪੰਨਾ ੧੩੧੦)
–ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮੁ ਧਿਆਇਆ ॥੪॥੫॥ (ਪੰਨਾ ੮੮੨)
–ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ ॥
ਕਲਿ ਤਾਰਣ ਗੁਰੁ ਨਾਨਕ ਆਇਆ॥ (ਵਾਰ ੧, ਪਉੜੀ ੨੩) (ਭਾ: ਗੁਰਦਾਸ ਜੀ)
–ਪਾਰਬ੍ਰਹਮੁ ਪੂਰਣੁ ਬ੍ਰਹਮੁ ਗੁਰੁ ਨਾਨਕ ਦੇਉ ॥ (ਵਾਰ ੧੩, ਪਉੜੀ ੨੫ ( ,, ,, )
–ਸਤਿਗੁਰ ਨਾਨਕ ਦੇਉ ਆਪੁ ਉਪਾਇਆ ॥ (ਵਾਰ ੨੦, ਪਉੜੀ ੧) ( ,, ,, )
–ਸਤਿਗੁਰ ਸਚਾ ਪਾਤਿਸ਼ਾਹ ਬੇਪਰਵਾਹ ਅਥਾਹੁ ਸਹਾਬਾ ॥ ..... ( ,, ,, )
ਜ਼ਾਹਰ ਪੀਰ ਜਗਤ ਗੁਰੁ ਬਾਬਾ ॥ (ਵਾਰ ੨੪, ਪਉੜੀ ੩) ( ,, ,, )
–ਸਤਿਗੁਰ ਨਾਨਕ ਦੇਉ ਗੁਰਾਂ ਗੁਰ ਹੋਇਆ ॥ (ਵਾਰ ੩, ਪਉੜੀ ੧੨) ( ,, ,, )

ਭਾ: ਰਣਧੀਰ ਸਿੰਘ ਜੀ ਕ੍ਰਿਤ "ਅੰਮ੍ਰਿਤ ਕੀ ਹੈ" ਵਿਚੋਂ



www.AKJ.Org

# ਅੰਮ੍ਰਿਤ ਦੀ ਵਿਆਖਿਆ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਨੋਟ :—ਆਂਧਰਾ ਪ੍ਰਦੇਸ਼ ਦੀ ਰਾਜ ਮੰਦਰੀ ਜੇਲ੍ਹ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੇ ਜੇਲ੍ਹ ਦੇ ਸਾਥੀ ਭਾਈ ਕਰਤਾਰ ਸਿੰਘ ਜੀ ਕੈਨੇਡੀਅਨ ਦੇ ਪ੍ਰਸ਼ਨਾਂ ਦੇ ਉਤਰ ਦੇ ਰਹੇ ਹਨ। ਇਸ ਪ੍ਰਸ਼ਨੋਤਰੀ ਵਿਚ ਪ੍ਰਸ਼ਨ ਕਰਨ ਵਾਲਾ ਸਜਣ "ਮੈਂ" ਭਾਈ ਕਰਤਾਰ ਸਿੰਘ ਜੀ ਕੈਨੇਡੀਅਨ ਹਨ। —ਸੰਪਾਦਕ

**ਮੈਂ**—ਪਹਿਲਾਂ ਮੈਨੂੰ ਇਹ ਦਸੋ ਕਿ ਗੁਰਮਤਿ ਅੰਮ੍ਰਿਤ ਕਿਸ ਨੂੰ ਆਖਦੇ ਹਨ ?

(੨) ਅੰਮ੍ਰਿਤ ਕਿਵੇਂ ਛਕੀਦਾ ਹੈ ?

**ਭਾਈ ਸਾਹਿਬ**—ਸਾਰੀ ਦੁਨੀਆ ਵਿਚ ਅੰਮ੍ਰਿਤ ਦੇ ਕਈ ਨਾਮ ਹਨ, ਜੈਸਾ ਕਿ ਫ਼ਾਰਸੀ ਵਾਲੇ ਆਬੇ-ਹਿਯਾਤ, ਅੰਗਰੇਜ਼ੀ ਵਾਲੇ ਨੈਕਟਰ, ਹਿੰਦੂ ਅਤੇ ਸਿਖ ਅੰਮ੍ਰਿਤ ਆਖਦੇ ਹਨ। ਪਰ ਅੰਮ੍ਰਿਤ ਦੇ ਗੁਣਾਂ ਸੰਬੰਧੀ ਸਾਰਿਆਂ ਦਾ ਇਹੋ ਖ਼ਿਆਲ ਹੈ ਕਿ ਅੰਮ੍ਰਿਤ ਵਿਚ ਅਜਿਹੀ ਸ਼ਕਤੀ ਹੈ ਕਿ ਉਹ ਮੁਰਦੇ ਨੂੰ ਜੀਉਂਦਾ ਕਰ ਦਿੰਦੀ ਹੈ, ਜਾਂ ਜੀਉਂਦੇ ਨੂੰ ਅਮਰ ਕਰ ਦੇਂਦੀ ਹੈ। ਗੁਰਮਤਿ ਵਿਚ ਵੀ ਅੰਮ੍ਰਿਤ ਦੇ ਇਹੋ ਹੀ ਗੁਣ ਦਸੇ ਹਨ। ਸਾਰੀਆਂ ਕੌਮਾਂ ਨੇ ਅਮਰ ਹੋਣ ਵਾਸਤੇ ਵਖੋ ਵਖ ਤਰੀਕੇ ਅੰਮ੍ਰਿਤ ਲਭਣ ਦੇ ਦਸੇ ਹਨ, ਪਰ ਮੇਰੇ ਖ਼ਿਆਲ ਵਿਚ ਗੁਰੂ ਨਾਨਕ ਸਾਹਿਬ ਦਾ ਤਰੀਕਾ ਸਭ ਤੋਂ ਸੌਖਾ ਤੇ ਸਰੇਸ਼ਟ ਹੈ, ਜਿਸ ਨੂੰ ਹਰ ਇਕ ਪ੍ਰਾਣੀ ਸੌਖਾ ਨਿਭਾ ਸਕਦਾ ਹੈ। ਭਾਵ ਬਿਨਾਂ ਕਸ਼ਟ ਉਠਾਇ, ਤਪ ਤਾਪ ਕੀਤੇ, ਜੰਗਲੀਂ-ਪਹਾੜੀਂ ਨਸੇ ਬਿਨਾਂ ਘਰ ਵਿਚ ਹੀ ਰਹਿ ਕੇ, ਗ੍ਰਿਹਸਤ ਵਿਚ ਹੀ ਅੰਮ੍ਰਿਤ ਛਕ ਕੇ ਅਮਰ ਹੋ ਸਕਦਾ ਹੈ। ਕਲਿਜੁਗ ਵਿਚ ਗੁਰੂ ਨਾਨਕ ਦਾ ਹੀ ਰਾਜ ਹੈ। ਜੈਸਾ ਕਿ ਮਹਾਂਵਾਕ ਹੈ—

ਕਲਿ ਤਾਰਣ ਗੁਰੁ ਨਾਨਕ ਆਇਆ ॥੨੩॥ (੧) ਵਾਰਾਂ ਭਾਈ ਗੁਰਦਾਸ ਜੀ
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲਿ ਰਾਖੀ ਮੇਰੀ ॥੪॥੧੦॥੫੭॥
ਸੂਹੀ ਮ: ੫, ਪੰਨਾ ੭੫੦

ਕਲਿਜੁਗ ਦੇ ਸਮੇਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਪਹਿਰਾ ਹੈ, ਤਾਂ ਤੇ ਉਨ੍ਹਾਂ ਦੀ ਰਾਹਦਾਰੀ ਬਿਨਾਂ ਕਿਸੇ ਨੂੰ ਜਮਾਂ ਦੀ ਮਾਰ ਤੋਂ ਛੁਟਕਾਰਾ ਮਿਲ ਸਕਦਾ।

ਦੂਜੀ, ਤੀਜੀ ਅਤੇ ਚੌਥੀ ਪਾਤਸ਼ਾਹੀ ਨੇ ਕਈ ਕਸ਼ਟ ਉਠਾ ਕੇ, ਭਾਵ ਗੁਰਗੱਦੀ ਦੇ ਚਾਹਵਾਨਾਂ ਦੇ ਹੱਥੋਂ ਕਈ ਤਰ੍ਹਾਂ ਦੇ ਸਰੀਰਕ ਕਸ਼ਟ ਸਹਿ ਕੇ ਅੰਮ੍ਰਿਤ ਪ੍ਰਚਾਰ ਕੀਤਾ। ਪੰਜਵੀਂ ਪਾਤਸ਼ਾਹੀ ਦੇ ਭਾਈਆਂ ਤੇ ਸਬੰਧੀਆਂ ਨੇ ਤਾਂ ਦੁਨਿਆਵੀ ਪਾਦਸ਼ਾਹਾਂ ਦੀ ਮਦਦ ਵੀ ਲਈ ਅਤੇ ਜਹਾਂਗੀਰ ਜੈਸੇ ਪਾਦਸ਼ਾਹਾਂ ਨੇ ਤਾਂ ਗੁਰੂ ਸਾਹਿਬ ਦੇ ਇਸ ਅੰਮ੍ਰਿਤ ਪ੍ਰਚਾਰ ਨੂੰ ਰੋਕਣ ਲਈ ਤੇ ਗੁਰਮਤਿ ਨੂੰ ਮਿਟਾਉਣ ਵਾਸਤੇ ਗੁਰੂ ਪੰਚਮ ਪਾਤਸ਼ਾਹ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕੀਤਾ। ਛੇਵੀਂ ਪਾਤਸ਼ਾਹੀ ਨੇ ਸ਼ਾਹੀ ਜੇਲ੍ਹਖ਼ਾਨੇ ਕਟੇ, ਸ਼ਹਿਨਸ਼ਾਹੀ ਫ਼ੌਜਾਂ ਨਾਲ ਯੁੱਧ ਕੀਤੇ, ਪਰ ਗੁਰਗੱਦੀ ਦੇ ਝਗੜੇ ਫੇਰ ਵੀ ਚਲਦੇ ਹੀ ਰਹੇ। ਨੌਵੀਂ ਪਾਤਸ਼ਾਹੀ ਦੇ ਮੌਕੇ ਤਾਂ ਹਦ ਹੀ ਹੋ ਗਈ, ਅਨੇਕਾਂ ਗੁਰੂ ਭਾਦੋਂ ਦੀਆਂ ਖੁੰਬਾਂ ਵਾਂਗੂ ਬਾਬੇ ਬਕਾਲੇ ਵਿਚ ਗੱਦੀਆਂ ਲਾ ਬੈਠੇ, ਪਰ ਗੁਰ-ਸ਼ਕਤੀ ਦੀ ਅੰਮ੍ਰਿਤ-ਕਲਾ ਅਗੇ ਸਾਰਿਆਂ ਨੂੰ ਮੂੰਹ ਦੀ ਖਾਣੀ ਪਈ। ਦਸਮੇਸ਼ ਪਿਤਾ ਜੀ ਨੇ ਹਮੇਸ਼ਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ ਦੇ ਕੇ ਅੰਮ੍ਰਿਤ ਪ੍ਰਚਾਰ ਲਈ ਪੰਜਾਂ ਪਿਆਰਿਆਂ ਦੀ ਮਰਯਾਦਾ ਕਾਇਮ ਕੀਤੀ। ਭਾਵ, ਹਮੇਸ਼ਾ ਵਾਸਤੇ ਗੁਰਗੱਦੀ ਦੇ ਝਗੜੇ ਟੰਟੇ ਨਿਬੇੜ ਦਿਤੇ। ਸਾਰੀ ਸਿਖ ਤਵਾਰੀਖ਼ ਦੇ ਹਵਾਲਿਆਂ ਤੋਂ ਆਪ ਜਾਣੂ ਹੀ ਹੋ, ਉਸ ਵਕਤ ਦੇ ਹਰ ਇਕ ਅਨਮਤੀ ਲਿਖਾਰੀ ਨੇ ਵੀ ਪੰਜ ਪਿਆਰੇ ਛਾਂਟਣ ਅਤੇ ਅੰਮ੍ਰਿਤ ਛਕਾਉਣ ਦੀ ਹਾਲਤ ਅੱਖੀਂ ਡਿਠੀ ਲਿਖੀ ਹੈ। ਸਾਥ ਹੀ ਇਹ ਵੀ ਲਿਖਿਆ ਹੈ ਕਿ ਪੰਜਾਂ ਪਿਆਰਿਆਂ ਤੋਂ ਦਸਵੇਂ ਪਾਤਸ਼ਾਹ ਨੇ ਆਪ ਅੰਮ੍ਰਿਤ ਛਕ ਕੇ ਪਿਛਲੇ ਜੁੱਗਾਂ ਦੇ ਹੋ ਗੁਜ਼ਰੇ ਔਤਾਰਾਂ, ਪੈਗੰਬਰਾਂ ਤੋਂ ਉਲਟੀ ਰੀਤ ਚਲਾ ਦਿਤੀ। ਪਹਿਲੀ ਪਾਤਸ਼ਾਹੀ ਤੋਂ ਨੌਵੀਂ ਪਾਤਸ਼ਾਹੀ ਤਾਈਂ ਚਰਨ ਪਾਹੁਲ ਦਾ ਰਿਵਾਜ ਸੀ, ਦਸਵੀਂ ਪਾਤਸ਼ਾਹੀ ਨੇ ਖੰਡੇਧਾਰ



www.AKJ.Org

ਪਾਹੁਲ ਤਿਆਰ ਕੀਤੀ, ਕੇਵਲ ਰੀਤੀ ਵਿਚ ਫ਼ਰਕ ਹੋ ਗਿਆ, ਅੰਮ੍ਰਿਤ ਤਾਂ ਪਹਿਲੇ ਗੁਰੂ ਨਾਨਕ ਵਾਲਾ ਹੀ ਹੈ। ਵਿਧੀ ਅੱਜ ਕਲ੍ਹ ਦੇ ਹੀ ਸਾਇੰਸ ਦੇ ਤਰੀਕੇ ਅਨੁਸਾਰ ਤਿਆਰ ਨਹੀਂ ਕੀਤੀ, ਸਗੋਂ ਇਸ ਤੋਂ ਵਧੀਆ ਤਰੀਕਾ ਅੰਮ੍ਰਿਤ ਛਕਾਉਣ ਦਾ ਕਦੇ ਲਭੇਗਾ ਹੀ ਨਹੀਂ।

**ਮੈਂ**–ਅਜੇ ਸਮਝ ਨਹੀਂ ਪਈ ਕਿ ਅੰਮ੍ਰਿਤ ਉਹੋ ਹੈ, ਤਰੀਕੇ ਵਿਚ ਫ਼ਰਕ ਕਿਵੇਂ ਪੈ ਗਿਆ ਅਤੇ ਅਜ ਕਲ੍ਹ ਦੇ ਸਾਇੰਸੀ ਨਵੀਨ ਤਰੀਕੇ ਤੋਂ ਤੁਸਾਡਾ ਕੀ ਭਾਵ ਹੈ ?

**ਭਾਈ ਸਾਹਿਬ**–ਪਿਛਲੇ ਪ੍ਰਸ਼ਨ ਦੇ ਉੱਤਰ ਵਿਚ ਸਪੱਸ਼ਟ ਹੋ ਚੁਕਾ ਹੈ ਕਿ ਅੰਮ੍ਰਿਤ ਛਕਾਉਣ ਦੀ ਵਿਧੀ ਹੀ ਬਦਲੀ ਹੈ, ਚਰਨ-ਪਾਹੁਲ ਦੀ ਥਾਉਂ ਖੰਡੇਧਾਰ ਅੰਮ੍ਰਿਤ ਅਤੇ ਇਕ ਗੁਰੂ ਦੇ ਥਾਉਂ ਪੰਜਾਂ ਪਿਆਰਿਆਂ (ਪੰਜ ਗੁਰਮੁਖ ਸਿੰਘਾਂ) ਤੋਂ ਅੰਮ੍ਰਿਤ ਛਕਣ ਦਾ ਨਵਾਂ ਤਰੀਕਾ ਕੱਚੇ ਗੁਰੂਆਂ ਤੋਂ ਬਚਾਉਣ ਵਾਸਤੇ ਹੀ ਬਣਿਆ ਹੈ, ਪਰ ਅੰਮ੍ਰਿਤ ਉਹੋ ਹੀ ਰਿਹਾ। ਸਾਇੰਸਦਾਨਾਂ ਨੇ ਅਜ ਕਲ੍ਹ ਬਿਜਲੀ ਤੋਂ ਕੰਮ ਲੈਣ ਦੀਆਂ ਨਵੀਨ ਕਾਢਾਂ ਕੱਢੀਆਂ ਹਨ, ਰੂਹਾਂ ਦੇ ਇਲਮ ਵਾਲਿਆਂ ਨੇ ਮੈਸਮਰੇਜ਼ਮ ਰਾਹੀਂ ਰੂਹਾਂ ਨੂੰ ਸੱਦਣਾ ਆਦਿ ਤਰੀਕੇ ਕਢੇ ਹਨ। ਗੁਰੂ ਸਾਹਿਬ ਨੇ ਦੋਵੇਂ ਹੀ ਮਿਲਾ ਕੇ ਅੰਮ੍ਰਿਤ ਛਕਾਉਣ ਦਾ ਨਵਾਂ ਤਰੀਕਾ ਪਰਚਲਤ ਕੀਤਾ ਹੈ।

**ਮੈਂ**—ਕੀ ਤੁਸਾਡਾ ਭਾਵ ਹੈ ਕਿ ਅੰਮ੍ਰਿਤ ਛਕਾਉਣ ਸਮੇਂ ਮੈਸਮਰੇਜ਼ਮੀ ਅਤੇ ਬਿਜਲੀ ਤੋਂ ਕੰਮ ਲੈਣ ਵਾਲੇ ਤਰੀਕੇ ਵਰਤੇ ਜਾਂਦੇ ਹਨ। ਮੈਂ ਦੇਸਾਂ ਪਰਦੇਸਾਂ ਵਿਚ ਫਿਰ ਕੇ ਖ਼ਾਸ ਤਰੀਕੇ ਬਿਜਲੀ ਅਤੇ ਮੈਸਮਰੇਜ਼ਮੀ ਤਮਾਸ਼ੇ ਦੇਖ ਚੁਕਾ ਹਾਂ, ਪਰ ਮੈਂ ਪੰਜਾਂ ਪਿਆਰਿਆਂ ਨੂੰ ਇਹ ਦੋ ਤਾਕਤਾਂ ਵਰਤਦੇ ਕਦੇ ਨਹੀਂ ਡਿੱਠਾ।

ਪਹਿਲਾ ਮੈਸਮਰੇਜ਼ਮ ਕਰਨ ਦਾ ਖ਼ਾਸ ਤਰੀਕਾ ਹੈ। ਮੈਸਮਰੇਸ਼ਮ ਵਾਲਾ ਮੈਸਮਰੇਜ਼ਮ ਕਰਨ ਦੀ ਤਾਕਤ ਖ਼ਾਸ ਤਰੀਕੇ ਨਾਲ ਇਕੱਠੀ ਕਰਦਾ ਹੈ ਅਤੇ ਉਸ ਵਿਚ ਵੀ ਹਰ ਇਕ ਕਾਮਯਾਬ ਨਹੀਂ ਹੋ ਸਕਦਾ। ਜੇ ਹੋ ਵੀ ਜਾਵੇ ਤਾਂ ਹਰ ਇਕ ਆਦਮੀ ਉਤੇ ਉਸ ਦਾ ਅਸਰ ਨਹੀਂ ਪੈ ਸਕਦਾ। ਦੂਜਾ ਬਿਜਲੀ ਦੇ ਵਰਤਣ ਦੇ ਭੇਦ ਇਕੱਤਰ ਕੀਤੀ ਹੋਈ ਬਿਜਲੀ ਦੀ ਤਾਕਤ ਤਾਰਾਂ, ਪਲੱਗਾਂ ਅਤੇ ਬਲਬਾਂ ਦੁਆਰਾ ਰੋਸ਼ਨੀ ਦੇ ਸਕਦੀ ਹੈ। ਉਪਰੋਕਤ ਦਸੀਆਂ ਚੀਜ਼ਾਂ ਚੋਂ ਜੇ ਇਕ ਅੱਧੀ ਖ਼ਰਾਬ ਹੋ ਜਾਏ ਤਾਂ ਠੀਕ ਕੀਤੇ ਬਿਨਾਂ ਰੋਸ਼ਨੀ ਨਹੀਂ ਦੇ ਸਕਦੀ।

### ਅੰਮ੍ਰਿਤ ਛਕਾਉਣ ਦੀ ਗੁਰਮਤਿ ਵਿਧੀ—

**ਭਾਈ ਸਾਹਿਬ**—ਬੜੇ ਅਫ਼ਸੋਸ ਅਤੇ ਹੈਰਾਨੀ ਦੀ ਗੱਲ ਹੈ ਕਿ ਤੁਸੀਂ ਖ਼ੁਦ ਅੰਮ੍ਰਿਤ ਛਕਿਆ ਅਤੇ ਕਈ ਵਾਰ ਅੰਮ੍ਰਿਤ ਛਕਾਉਣ ਦੇ ਸੰਸਕਾਰ ਹੁੰਦੇ ਅੱਖੀਂ ਡਿਠੇ, ਪਰ ਅੰਮ੍ਰਿਤ ਛਕਾਉਣ ਦੀ ਗੁਰਮਤਿ ਵਿਧੀ ਦੇ ਭੇਤਾਂ ਨੂੰ ਨਹੀਂ ਸਮਝਿਆ। ਗੁਰਮਤਿ ਅੰਮ੍ਰਿਤ ਛਕਾਉਣ ਵਾਸਤੇ ਵੀ ਹੇਠ ਲਿਖੇ ਸਾਮਾਨ ਅਤੇ ਸਾਧਨ ਵਰਤੇ ਜਾਂਦੇ ਹਨ:–

੧. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਘਟੋ ਘਟ ਛੇ ਗੁਰਮੁਖ ਸਿੰਘਾਂ ਦੀ ਲੋੜ ਪੈਂਦੀ ਹੈ, ਜਿਨ੍ਹਾਂ ਦਾ ਨਾਮ ਅਭਿਆਸੀ, ਨਾਮ ਦੇ ਰਸੀਏ, ਗੁਰਬਾਣੀ ਦੇ ਪ੍ਰੇਮੀ, ਨਿਤਨੇਮੀ ਅਤੇ ਗੁਰਮਤਿ ਰਹਿਤ ਵਿਚ ਪੱਕੇ ਹੋਣਾ ਜ਼ਰੂਰੀ ਹੈ। ਉਨ੍ਹਾਂ ਵਿਚੋਂ ਕੋਈ ਇਕ ਵੀ ਕੁਰਹਿਤੀਆ ਨਾ ਹੋਵੇ। ਐਥੋਂ ਤਕ ਕਿ ਅੰਗ-ਹੀਣ ਵੀ ਨਾ ਹੋਵੇ।

੨. ਭਾਵੇਂ ਉਨ੍ਹਾਂ ਛੇ ਗੁਰਮੁਖ ਸਿੰਘਾਂ ਨੂੰ ਸੰਗਤ ਚੁਣਦੀ ਹੈ, ਫੇਰ ਵੀ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਪਹਿਲਾਂ ਗ੍ਰੰਥੀ ਦੀ ਸੁਧਾਈ ਹੋ ਕੇ ਪੰਜਾਂ ਪਿਆਰਿਆਂ ਦੀ ਸੋਧ ਸੁਧਾਈ ਕੀਤੀ ਜਾਂਦੀ ਹੈ। ਭਾਵ ਤਾਰਾਂ, ਪਲੱਗਾਂ ਵਾਂਗੂ ਚੰਗੇ ਅਤੇ ਖ਼ਰਾਬ ਮਸਾਲੇ ਦੀ ਪਰਖ ਕੀਤੀ ਜਾਂਦੀ ਹੈ, ਜੇ ਕੁਰਹਿਤੀਆ (ਨਿਕੰਮਾ) ਨਾ ਹੋਵੇ ਤਾਂ ਅਰਦਾਸਾ ਸੋਧ ਕੇ ਸੁਧ (ਮੁਰੰਮਤ) ਕੀਤਾ ਜਾਂਦਾ ਹੈ।

੩. ਪਿਛੋਂ ਅੰਮ੍ਰਿਤ-ਅਭਿਲਾਖੀਆਂ (ਬਲਬਾਂ) ਦੀ ਪਰਖ ਕੀਤੀ ਜਾਂਦੀ ਹੈ, ਜੋ ਕਿ ਬਿਜਲੀ ਦੇ ਬਲਬਾਂ ਵਾਂਗੂ ਇਕੱਲੇ ਇਕੱਲੇ ਹੀ ਪੇਸ਼ ਕਰ ਕੇ ਕਰਨੀ ਚਾਹੀਦੀ ਹੈ। ਕੱਚੇ ਅੰਮ੍ਰਿਤ-ਅਭਿਲਾਖੀਆਂ (ਨਿਕੰਮੇ ਬਲਬਾਂ) ਅਤੇ ਸੱਚੇ ਅੰਮ੍ਰਿਤ ਅਭਿਲਾਖੀਆਂ ਦੀ ਛਾਂਟ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਕਿ ਬਲਬ ਖ਼ਰੀਦਣ ਵਾਲੇ ਬਲਬ ਮਚਾ ਕੇ ਪਰਖ ਕਰ ਕੇ ਹੀ ਖ਼ਰੀਦਦੇ ਹਨ, ਤਿਵੇਂ ਹੀ ਪੰਜ ਪਿਆਰੇ ਅੰਮ੍ਰਿਤ ਦੇ ਸੱਚੇ ਗਾਹਕਾਂ ਨੂੰ ਛਾਂਟਦੇ ਹਨ।

੪. ਸਚੇ ਗਾਹਕਾਂ ਦੀ ਛਾਂਟ ਕਰ ਕੇ, ਸਾਰਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਖੜੇ ਕਰ ਕੇ ਗੁਰਮਤਿ



www.AKJ.Org

ਰਹਿਤ ਅਤੇ ਕੁਰਹਿਤ ਦਸਦੇ ਹਨ। ਭਾਵ, ਗੁਰਸਿਖੀ ਧਾਰਨ ਕਰਨ ਵਾਲਿਆਂ ਨੂੰ ਸਿਰ ਪੈਣ ਵਾਲੀਆਂ ਔਕੜਾਂ ਅਤੇ ਦੁਖੜਿਆਂ ਤੋਂ ਜਾਣੂ ਕਰਾਉਂਦੇ ਹੋਏ ਸਾਰੇ ਅੰਮ੍ਰਿਤ-ਅਭਿਲਾਖੀਆਂ ਤੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕਰਾਰ ਕਰਾਉਂਦੇ ਹਨ ਕਿ ਅਸੀਂ ਸਾਰੇ ਹੀ—

ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ ੧੪੧੨

"ਸਿਰੁ ਧਰਿ ਤਲੀ ਗਲੀ ਮੇਰੀ ਆਉ" ਸਾਰਖੇ ਹੁਕਮਾਂ ਨੂੰ ਮੰਨਾਂਗੇ, ਪਰ ਸਾਨੂੰ ਅੰਮ੍ਰਿਤ ਛਕਾਇਆ ਜਾਵੇ। ਜੋ ਇਹ ਇਕਰਾਰ ਨਾ ਦੇਣਾ ਚਾਹੇ, ਉਸ ਨੂੰ ਉਦੋਂ ਹੀ ਬਾਹਰ ਕੀਤਾ ਜਾਂਦਾ ਹੈ। ਭਾਵ, ਉਹ ਕੱਚਾ ਅੰਮ੍ਰਿਤ-ਅਭਿਲਾਖੀ ਸਮਝ ਕੇ ਕੱਢ ਦਿਤਾ ਜਾਂਦਾ ਹੈ।

੫. ਗੁਰੂ ਗੋਬਿੰਦ ਸਿੰਘ ਸਾਹਿਬ ਦੀ ਦਸੀ ਗੁਰਮਤਿ ਅਨੁਸਾਰ ਇਕ ਸਰਬ ਲੋਹ ਦਾ ਬਾਟਾ, ਇਕ ਖੰਡਾ, ਪਵਿਤਰ ਜਲ ਅਤੇ ਪਤਾਸੇ ਲਿਆਂਦੇ ਜਾਂਦੇ ਹਨ।

੬. ਪੰਜੇ ਪਿਆਰੇ, ਗ੍ਰੰਥੀ ਸਾਹਿਬ ਅਤੇ ਅੰਮ੍ਰਿਤ-ਅਭਿਲਾਖੀ ਪਹਿਲਾਂ ਹੀ ਸਕੇਸ਼ ਇਸ਼ਨਾਨ ਕਰ ਕੇ ਆਉਂਦੇ ਹਨ। ਪੰਜੇ ਕਕਾਰ ਅੰਮ੍ਰਿਤ-ਅਭਿਲਾਖੀਆਂ ਨੂੰ ਸਜਵਾ ਕੇ ਅੰਮ੍ਰਿਤ-ਸੰਸਕਾਰ ਦੇ ਨਿਰਵਿਘਨ ਸਮਾਪਤ ਹੋਣ ਵਾਸਤੇ ਅਤੇ ਅੰਮ੍ਰਿਤ-ਅਭਿਲਾਖੀਆਂ ਦੇ ਪਿਛਲੇ ਗੁਨਾਹਾਂ ਨੂੰ ਬਖਸ਼ ਕੇ ਅਗੇ ਨੂੰ ਸਿੱਧੇ ਮਾਰਗ ਉਤੇ ਚਲਾਉਣ ਵਿਚ ਸਹਾਇਤਾ ਕਰਨ ਹਿਤ, ਇਕਾਗਰ-ਚਿਤ ਹੋ ਕੇ ਅਰਦਾਸਾ ਸੋਧ ਕੇ ਸਰਬ ਲੋਹ ਦੇ ਬਾਟੇ ਵਿਚ ਜਲ ਅਤੇ ਪਤਾਸੇ ਪਾ ਕੇ ਬੀਰ ਆਸਣ ਬੈਠ ਆਪੋ ਆਪਣੇ ਦੋਵੇਂ ਹੱਥ ਬਾਟੇ ਨੂੰ ਪਾਈ ਰਖਦੇ ਹਨ, ਜੋ ਕਿ (Positive Negative) ਦੋਹਾਂ ਕਿਸਮਾਂ ਦੀਆਂ ਤਾਰਾਂ ਦਾ ਕੰਮ ਦਿੰਦੇ ਹਨ।

੭. ਪੰਜਾਂ ਗੁਰਬਾਣੀਆਂ ਦਾ ਪਾਠ ਪੰਜੇ ਪਿਆਰੇ ਇਕ ਇਕ ਬਾਣੀ ਦਾ ਪਾਠ ਵਾਰੀ ਸਿਰ ਕਰਦੇ ਹਨ। ਸਾਥ ਹੀ ਆਪੋ ਆਪਣੇ ਸਜੇ ਹੱਥ ਨਾਲ ਗੁਰਬਾਣੀ ਪੜ੍ਹਨ ਵਾਲਾ, ਖੰਡੇ ਨੂੰ ਬਾਟੇ ਵਿਚ ਰਗੜਵਾਂ ਚਲਾਈ ਜਾਂਦਾ ਹੈ, ਜਿਸ ਰਗੜ ਨਾਲ ਬਿਜਲੀ ਪੈਦਾ ਹੁੰਦੀ ਹੈ, ਜੋ ਕਿ ਜਲ ਵਿਚਦੀ ਹੁੰਦੀ ਹੋਈ ਬਾਟੇ ਨੂੰ ਲਾਈਆਂ ਤਾਰਾਂ (ਪੰਜ ਪਿਆਰਿਆਂ ਦੇ ਹੱਥਾਂ) ਦੁਆਰਾ ਪੰਜਾਂ ਹੀ ਸਿੰਘਾਂ ਦੇ ਹਿਰਦੇ ਵਿਚ ਪੁਜਦੀ ਹੋਈ ਦਸਾਂ ਹੀ ਅੱਖਾਂ ਵਿਚਦੀ ਜਲ ਉਤੇ ਨਿਗਾਹ ਜਮਾਉਣ ਕਰਕੇ ਬਾਟੇ ਵਿਚ ਮੈਸਮਰੇਜ਼ਮੀ ਤਾਕਤ ਭਰਦੀ ਹੈ। ਸਾਥ ਹੀ ਹਰ ਇਕ ਪਿਆਰੇ ਦਾ ਸੱਜਾ ਹੱਥ ਸੁਇਚ ਬਣ ਕੇ ਬਿਜਲੀ ਦੀ ਲਹਿਰ ਨੂੰ ਪੰਜਾਂ ਹੀ ਹਿਰਦਿਆਂ ਤਕ ਪਹੁੰਚਾਉਣ ਦਾ ਕੰਮ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪੰਜਾਂ ਹੀ ਪਿਆਰਿਆਂ ਦੀ ਗੁਰ-ਸ਼ਕਤੀ ਸਾਂਝੀ ਹੋ ਕੇ ਅੰਮ੍ਰਿਤ-ਸ਼ਕਤੀ ਅਤੇ ਅੰਮ੍ਰਿਤ-ਭੰਡਾਰ ਨੂੰ ਪੂਰਨ ਕਰਦੀ ਹੈ।

ਪੰਜਾਂ ਹੀ ਨਿਤਨੇਮ ਵਾਲੀਆਂ ਬਾਣੀਆਂ ਦਾ ਪਾਠ ਕਰ ਕੇ, ਫਿਰ ਪੰਜੇ ਪਿਆਰੇ ਬਾਟਾ ਹੱਥ ਵਿਚ ਲੈ ਕੇ ਖੜੇ ਹੋ ਕੇ ਅਰਦਾਸਾ ਸੋਧ ਕੇ, ਅੰਮ੍ਰਿਤ-ਅਭਿਲਾਖੀ ਨੂੰ ਇਕ ਸਿਰੇ ਤੋਂ ਵਾਰੀ ਵਾਰੀ ਅੰਮ੍ਰਿਤ ਖਕਾਉਂਦੇ ਹਨ। ਪੰਜੇ ਪਿਆਰੇ ਵਾਰੀ ਵਾਰੀ ਹਰ ਇਕ ਅੰਮ੍ਰਿਤ-ਅਭਿਲਾਖੀ ਉਤੇ ਆਪੋ ਆਪਣੀਆਂ ਅੱਖਾਂ ਦੁਆਰਾ ਮੈਸਮਰੇਜ਼ਮੀ ਅਸਰ ਪਾਉਂਦੇ ਅਤੇ ਪਰਖਦੇ ਹਨ ਕਿ ਉਸ ਤੇ ਸਾਡਾ ਅਸਰ ਪਿਆ ਹੈ ਕਿ ਨਹੀਂ, ਅਤੇ ਸਾਥ ਹੀ (ਗੁਰਮਤਿ ਨਾਮੁ) ਗੁਰਮੰਤਰ ਦ੍ਰਿੜ੍ਹਾਈ ਜਾਂਦੇ ਹਨ। ਅੰਮ੍ਰਿਤ-ਅਭਿਲਾਖੀ ਸਜਣਾਂ ਦੀ ਅੰਮ੍ਰਿਤ ਪਾਤਰਤਾ ਅਤੇ ਭਾਵਨਾ ਅਨੁਸਾਰ ਨਾਮ-ਰੰਗ ਚੜ੍ਹਦਾ ਹੈ।

ਮੈਂ—ਮੈਸਮਰੇਜ਼ਮੀ ਅਸਰ ਪਾਉਣ ਅਤੇ ਪਰਖਣ ਦਾ ਤੁਸੀਂ ਇਸ਼ਾਰਾ ਹੀ ਕੀਤਾ ਹੈ। ਮੈਂ ਚੰਗੀ ਤਰ੍ਹਾਂ ਸਪੱਸ਼ਟ ਨਹੀਂ ਸਮਝਿਆ।

**ਭਾਈ ਸਾਹਿਬ**—ਮੇਰਾ ਭਾਵ ਇਹ ਹੈ ਕਿ ਅੰਮ੍ਰਿਤ ਛਕਾਉਣ ਸਮੇਂ ਅੱਖਾਂ ਖੁਲ੍ਹੀਆਂ ਰਖਾ ਕੇ ਨਾਮ ਦ੍ਰਿੜ੍ਹ ਕਰਾਉਣ ਲਈ ਅੱਖਾਂ ਵਿਚ ਛਿਟੇ ਮਰਵਾਣੇ ਪੈਂਦੇ ਹਨ। ਜਿਸ ਅੰਮ੍ਰਿਤ-ਅਭਿਲਾਖੀ ਉਤੇ ਅੱਖਾਂ ਦੁਆਰਾ ਮੈਸਮ-ਰੇਜ਼ਮੀ ਅਸਰ ਪੈ ਜਾਂਦਾ ਹੈ, ਉਹ ਅੱਖਾਂ ਬੰਦ ਨਹੀਂ ਕਰ ਸਕਦਾ, ਕਿਉਂਕਿ ਨਾਮ ਦ੍ਰਿੜ੍ਹਾਉਣ ਵਾਲੇ ਪੰਜ ਪਿਆਰੇ



www.AKJ.Org

ਉਸ ਉਤੇ ਵਾਰੀ ਵਾਰੀ ਆਪੋ ਆਪਣੀਆਂ ਅੱਖਾਂ ਦੁਆਰਾ ਮੈਸਮਰੇਜ਼ਮੀ ਤਾਕਤ ਵਰਤਦੇ ਹਨ, ਤਾਂਕਿ ਉਹ ਛਿੱਟੇ ਮਾਰਨ ਸਮੇਂ ਅੱਖਾਂ ਖੁਲ੍ਹੀਆਂ ਰਖ ਸਕੇ। ਜਦ ਅੱਖਾਂ ਖੁਲ੍ਹੀਆਂ ਰਹੀਆਂ ਤਾਂ ਪਰਖ ਹੋ ਗਈ ਕਿ ਇਸ ਦੇ ਨਾਮ ਦ੍ਰਿੜ੍ਹ ਹੋ ਗਿਆ, ਸਰੀਰਕ ਦੁਖ ਸੁਖ ਦੀ ਹੋਸ਼ ਭੁਲ ਗਈ ਜਾਂ ਸੁਰਤੀ ਨਾਮ ਸਿਮਰਨ ਵਿਚ ਲਗ ਗਈ। ਕਈ ਤਾਂ ਗੁਰਮੰਤਰ ਲੈਂਦੇ ਸਾਰ ਹੀ ਬੇਸੁਧ ਹੋ ਜਾਂਦੇ ਹਨ ਅਤੇ ਖੜਨ ਦੀ ਥਾਉਂ ਡਿਗ ਪੈਂਦੇ ਹਨ ਅਤੇ ਕਈ ਆਪਣੇ ਆਪ ਦੀ ਸੁਧ ਭੁਲ ਕੇ ਜੋ ਹੁਕਮ ਹੋਵੇ, ਕਰੀ ਜਾਂਦੇ ਹਨ।

ਮੇਰਾ ਖ਼ਿਆਲ ਹੈ ਕਿ ਮੈਂ ਪਹਿਲੇ ਪ੍ਰਸ਼ਨ ਦਾ ਉਤਰ ਦੇ ਲਵਾਂ, ਭਾਵ, ਗੁਰਮਤਿ ਵਿਚ ਅੰਮ੍ਰਿਤ ਕਿਸ ਨੂੰ ਆਖਦੇ ਹਨ, ਅੰਮ੍ਰਿਤ ਪ੍ਰਾਪਤ ਕਰਨ ਦੀ ਗੁਰਮਤਿ ਵਿਧੀ ਪਰ ਵਿਚਾਰ ਹੋ ਚੁਕੀ ਹੈ। ਮੈਂ ਪਿਛੇ ਦਸ ਚੁਕਾ ਹਾਂ ਕਿ ਸਾਰੀ ਦੁਨੀਆ ਅੰਮ੍ਰਿਤ ਕਿਸ ਨੂੰ ਆਖਦੀ ਹੈ, ਪਰ ਗੁਰਮਤਿ ਅੰਮ੍ਰਿਤ ਦਾ ਨਿਰਣਾ ਇਉਂ ਕੀਤਾ–

–ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥੬॥ (੧੮) ਗਉੜੀ ਸੁਖਮਨੀ ਮ: ੫, ਪੰਨਾ ੨੮੭

–ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥੧॥(੪) ਸਾਰੰਗ ਕੀ ਵਾਰ, ਮ: ੨, ਪੰਨਾ ੧੨੩੮

–ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥(੪) ਵਾਰ ਸੋਰਠਿ, ਮ: ੩, ਪੰਨਾ ੬੪੪

ਪਹਿਲੇ ਗੁਰਵਾਕ ਤੋਂ ਸਿੱਧ ਹੈ ਕਿ ਅੰਮ੍ਰਿਤ ਜੋ ਪੀਵੇ, ਅਮਰ ਹੋ ਜਾਂਦਾ ਹੈ। ਦੂਜਾ ਗੁਰਵਾਕ ਦਸਦਾ ਹੈ ਕਿ ਅੰਮ੍ਰਿਤ ਇਕ ਹੀ ਹੈ, ਦੂਜਾ ਅੰਮ੍ਰਿਤ ਹੈ ਹੀ ਨਹੀਂ। ਤੀਜੇ ਗੁਰਵਾਕ ਤੋਂ ਪਤਾ ਲਗਦਾ ਹੈ ਕਿ ਅੰਮ੍ਰਿਤ ਇਕੋ ਸ਼ਬਦ ਹੈ। ਸੋ ਅੰਮ੍ਰਿਤ ਕੀ ਹੈ–

ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥੨॥(੧੫) ਬਿਹਾਗੜੇ ਕੀ ਵਾਰ, ਮ: ੩, ਪੰਨਾ ੫੫੪

ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ ॥੧॥(੧੨)

ਰਾਮਕਲੀ ਕੀ ਵਾਰ, ਸਲੋਕੁ ਮ: ੫, ਪੰਨਾ ੯੬੩

ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ ॥੧॥੧੧॥ ਵਾਰ ਮਲਾਰ, ਮ: ੩,ਪੰਨਾ ੧੨੮੩

ਹਰਿ ਹਰਿ ਅੰਮ੍ਰਿਤੁ ਨਾਮ ਰਸੁ ਹਰਿ ਅੰਮ੍ਰਿਤੁ ਹਰਿਉਰਧਾਰਿ ॥੧॥੪॥

ਕਾਨੜੇ ਕੀ ਵਾਰ, ਮ: ੪, ਪੰਨਾ ੧੩੧੪

ਹਰਿ ਹਰਿ ਨਾਮੁ ਅੰਮ੍ਰਿਤੁ ਹੈ ਹਰਿ ਜਪੀਐ ਸਤਿਗੁਰ ਭਾਇ ॥੧॥੯॥

ਕਾਨੜੇ ਕੀ ਵਾਰ, ਮ: ੪, ਪੰਨਾ ੧੩੧੬

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥੩॥ ਗਉੜੀ ਕੀ ਵਾਰ, ਮ: ੫, ਪੰਨਾ ੩੧੮

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥੧॥੨॥

ਬਿਹਾਗੜਾ ਮ: ੪, ਪੰਨਾ ੫੩੮

["ਅੰਮ੍ਰਿਤ ਕੀ ਹੈ" ਟ੍ਰੈਕਟ ਵਿਚੋਂ

[੧੨ ਸਫ਼ੇ ਦੀ ਬਾਕੀ]

ਤਾ ਜੇਬਿ ਆਰਜ਼ੂਹਾ, ਪੁਰ ਅਜ਼ ਗੁਹਰ ਨ ਬਾਸ਼ਦ ॥

ਭਾਵ, ਪਲਕਾਂ ਵਾਂਗ ਹਥੋਂ ਅੱਖਾਂ ਦਾ ਪੱਲਾ ਨਾ ਛੱਡ, ਜਿਤਨਾ ਚਿਰ ਤਾਂਘ ਦੀ ਜੇਬ ਮੁਰਾਦ ਦੇ ਮੋਤੀ ਨਾਲ ਨਹੀਂ ਭਰਦੀ।

ਸ਼ਾਖ਼ੇ ਉਮੀਦੇ ਆਸ਼ਿਕ ਹਰਗਿਜ਼ ਸਮਰ ਨ ਗੀਰਦ ॥

ਅਜ਼ ਅਸ਼ਕਹਾਇ ਮਿਯਗਾਂ ਤਾਂ ਸਬਜ਼ ਤਰ ਨ ਬਾਸ਼ਦ ॥

ਭਾਵ, ਆਸ਼ਿਕ ਦੀ ਆਸ ਦੀ ਟਾਹਣੀ ਨੂੰ ਤਦੋਂ ਤਾਈਂ ਫਲ ਨਹੀਂ ਲਗ ਸਕਦਾ ਜਦ ਤਾਈਂ ਅੱਖ ਦ ਵੈਰਾਗ ਭਰੇ ਜਲ ਨਾਲ ਇਹ ਟਾਹਣੀ ਹਰੀ ਨਹੀਂ ਹੁੰਦੀ।

ਤਾਂ ਤੇ ਹੇ ਮਨ! ਪਤਿਬ੍ਰਤਾ ਇਸਤ੍ਰੀ ਵਾਂਗ ਆਪਣੇ ਅੰਦਰ ਇਹ ਤਾਂਘ ਪੈਦਾ ਕਰਕੇ ਨਿੱਤ–

ਉਠੀ ਝਾਲੂ ਕੰਤੜੇ, ਹਉ ਪਸੀ ਤਉ ਦੀਦਾਰੁ ॥੩॥ [ਮ: ੫, ਪੰਨਾ ੧੦੯੪



www.AKJ.Org

# ਗੁਰਮੁਖੀ ਬਾਣਾ

[ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਲਿਟ.]

ਦਾਤਾ ਜੀ ਦੇ ਮਹਿਰਮ ਸਤਿਗੁਰੂ ਜੀ ਫੁਰਮਾਉਂਦੇ ਹਨ–

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥ ਸਦਾ ਸਮਾਲੇ ਕੋ ਨਾਹੀ ਖਾਲੀ ॥
ਜੇਹੀ ਵਾਸਨਾ ਪਾਏ ਤੇਹੀ ਵਰਤੈ, ਵਾਸੂ ਵਾਸੁ ਜਣਾਵਣਿਆ ॥੫॥
ਮਨਮੁਖੁ ਰੋਗੀ ਹੈ ਸੰਸਾਰਾ ॥ ਸੁਖਦਾਤਾ ਵਿਸਰਿਆ ਅਗਮ ਅਪਾਰਾ ॥
ਦੁਖੀਏ ਨਿਤਿ ਫਿਰਹਿ ਬਿਲਲਾਦੇ, ਬਿਨੁ ਗੁਰ ਸਾਂਤਿ ਨ ਪਾਵਣਿਆ ॥੬॥੧੪॥੧੫॥

ਮਾਝ ਮ: ੩, ਪੰਨਾ ੧੧੮

'ਸੁਖਦਾਤਾ' ਤੋਂ ਖੁੰਝੇ ਹੋਏ ਵਿਲਕਦੇ ਦੁਖੀ ਜੀਵਾਂ ਲਈ ਦਾਤਾ ਜੀ ਨੇ ਆਪਣਾ ਮਹਿਰਮ ਸਤਿਗੁਰੂ ਘੱਲਿਆ ਹੈ। ਦਾਤਾ ਜਾਂ ਨੇ ਜੀਵਾਂ ਦੇ ਭਲੇ ਲਈ ਬਣਤਰ ਹੀ ਅਜਿਹੀ ਬਣਾਈ ਹੈ ਕਿ ਸੁਖ ਤੇ ਸ਼ਾਂਤੀ ਵਾਲਾ ਜੀਵਨ ਬਤੀਤ ਕਰਨ ਲਈ ਜੀਵ ਸਤਿਗੁਰੂ ਦਾ ਆਸਰਾ ਲੈਣ। ਸਤਿਗੁਰੂ ਜੀ ਨੇ ਏਸ ਅਟੱਲ ਰੱਬੀ ਬਣਤਰ ਨੂੰ ਸਾਫ਼ ਸ਼ਬਦਾਂ ਵਿਚ ਇਉਂ ਲਿਖ ਦਿੱਤਾ ਹੈ :–

ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ॥
ਸਤਿਗੁਰ ਸਿਉ ਆਲਾਇ, ਬੇੜੇ ਡੁਬਣਿ ਨਾਹਿ ਭਉ ॥੪॥ [ਸਲੋਕ ਮ: ੧, ਪੰਨਾ ੧੪੧੦

\+ \+ \+

ਸਤਿਗੁਰੂ ਦਾ ਆਸਰਾ ! ਵਾਹ ਰੀ ਅਸ਼ਰਧਾ ਤੇ ਵਾਹ ਜੀਵਾਂ ਦੀ ਮੰਦ-ਭਾਗਤਾ ! 'ਸਤਿਗੁਰੂ' ਦਾ ਨਾਮ ਸੁਣਦਿਆਂ ਹੀ ਸਾਡਾ ਚਤਰ ਮਨ ਆਪਣੀ ਵਿੱਦਿਆ ਦੇ ਮਾਣ ਵਿਚ ਆ ਕੇ ਉਤਾਵਲਾ ਹੋ ਕੇ ਆਖਦਾ ਹੈ, 'ਹੈਂ ! ਮੈਂ ਆਪ ਸਿਆਣਾ, ਸਭ ਕੁਝ ਸਮਝਦਾ ਹਾਂ, ਮੈਨੂੰ ਗੁਰੂ ਤੇ ਗੁਰੂ ਦੇ ਉਪਦੇਸ਼ ਦੀ ਕੀ ਲੋੜ ਹੈ ? ਮੈਂ ਆਪਣੀ ਸੁਤੰਤਰਤਾ ਗਵਾ ਕੇ ਕਿਉਂ ਗੁਰੂ ਦੇ ਬੰਧਨਾਂ ਵਿਚ ਪਵਾਂ' ?

ਹੇ ਮੇਰੇ ਪੜ੍ਹੇ ਲਿਖੇ ਸਿਆਣੇ ਮਨ ! ਆ, ਰਤਾ ਅੰਦਰ ਝਾਤੀ ਮਾਰ। ਕੀ ਗੁਰੂ ਦੀ ਮਰਯਾਦਾ ਨੂੰ ਛੱਡ ਕੇ ਸੱਚ-ਮੁੱਚ ਤੂੰ ਅਜ਼ਾਦ ਹੋ ਸਕਦਾ ਹੈਂ ? ਕੀ ਫੇਰ ਤੂੰ ਆਪਣੇ ਆਪ ਨੂੰ ਸਿੱਧੇ ਰਾਹ ਉਤੇ ਤੋਰਨ ਦੇ ਸਮਰੱਥ ਰਹਿ ਸਕੇਂਗਾ ? ਰਤਾ ਆਪਣੀ ਹੱਸਤੀ ਵਲ ਤੱਕ ! ਆਪਣੇ ਨਿੱਤ ਦੇ ਕਰਮਾਂ ਵਲ ਵੇਖ ! ਦਿਨ ਵਿਚ ਅਨੇਕਾਂ ਵਾਰੀ ਕਿਤੇ ਪਰ-ਧਨ ਤੇ ਪਰ-ਇਸਤ੍ਰੀ ਵਲ ਮੰਦ-ਦ੍ਰਿਸ਼ਟੀ ਨਾਲ ਤਕਦਾ ਹੈਂ, ਕਿਤੇ ਕ੍ਰੋਧ ਵਿਚ ਸੜਦਾ ਹੈਂ, ਕਿਤੇ ਦੂਜਿਆਂ ਦੀ ਚੰਗੀ ਸੰਸਾਰਕ ਹਾਲਤ ਨੂੰ ਵੇਖ ਕੇ ਈਰਖਾ ਕਰਦਾ ਹੈਂ, ਕਿਤੇ ਗ਼ਰੀਬਾਂ ਤੇ ਰੋਗੀਆਂ ਨੂੰ ਵੇਖ ਕੇ ਨਫ਼ਰਤ ਕਰਦਾ ਹੈਂ। ਜੇ ਕਦੇ ਹੱਥੋਂ ਕੁਝ ਦਾਨ ਕਰਦਾ ਹੈਂ ਤਾਂ ਭੀ ਮਾਣ ਵਡਿਆਈ ਦੀ ਖ਼ਾਤਰ; ਜੇ ਕਦੇ ਕਿਤੇ ਥੋੜੀ ਬਹੁਤ ਸੇਵਾ ਕਰਦਾ ਹੈਂ ਤਾਂ ਭੀ ਆਗੂਪਣੇ ਦੀ ਪ੍ਰਾਪਤੀ ਲਈ; ਜੇ ਕਦੇ ਬਾਣੀ ਪੜ੍ਹਦਾ ਸੁਣਦਾਂ ਹੈਂ ਤਾਂ ਭੀ ਵਿਖਾਵੇ ਵਾਸਤੇ। ਦਸ, ਹੇ ਮਨ ! ਤੇਰੇ ਕਿਤਨੇ ਕੁ ਪਰਦੇ ਫੋਲਾਂ। ਹੋਛੀ ਵਿਦਿਆ ਦੀ ਟੇਕ ਉਤੇ ਬੈਠੇ, ਹੇ ਅੰਵਾਣ ਮਨ ! ਕਦੇ ਸੋਚਿਆ ਈ ਕਿ ਤੇਰੇ ਅੰਦਰ ਇਹ ਘਾਟ ਕਿਥੋਂ ਪੈਂਦੀ ਹੈ !......

ਮਨੁੱਖ ਦੀ ਨਿਤਾਣੀ ਹਾਲਤ ਵੇਖ ਕੇ ਪ੍ਰੀਤਮ-ਪਾਤਸ਼ਾਹ ਜੀ ਏਸ ਨੂੰ ਸਮਝਾਉਂਦੇ ਹਨ, ਜੁ ਭਾਈ ! ਦਿਨੇ ਰਾਤ ਵਿਕਾਰਾਂ ਵਿਚ ਪੈ ਕੇ ਤੂੰ ਹੋਰ ਵਧੀਕ ਜਾਲ ਵਿਚ ਫਸ ਰਿਹਾ ਹੈਂ, ਇਸ ਵਿਚੋਂ ਆਪਣੇ ਆਪ ਕਿਵੇਂ ਨਿਕਲੇਂਗਾ ? ਇਹ ਕਾਮ ਕ੍ਰੋਧ ਆਦਿਕ ਭੜਕਾਉਣ ਲਈ ਅੱਗ ਦਾ ਕੰਮ ਦੇ ਰਹੇ ਹਨ, ਤੇਰੇ ਕੀਤੇ ਹੋਏ ਪਾਪ ਵੀ ਕੋਇਲਿਆਂ ਦਾ ਕੰਮ ਕਰ ਰਹੇ ਹਨ। ਦੱਸ, ਭਾਈ ! ਕਿਵੇਂ ਏਸ ਅੱਗ ਵਿਚ ਸੜਨੋਂ ਬਚ ਸਕੇਂਗਾ ? ਇਹ ਨਕਸ਼ਾ ਅੱਖਾਂ ਅਗੇ ਲਿਆ ਕੇ ਅੰਤ ਵਿਚ ਉਸ ਦਾ ਇਲਾਜ ਭੀ ਦੱਸਦੇ ਹਨ :—



www.AKJ.Org

ਕਰਣੀ ਕਾਗਦੁ, ਮਨੁ ਮਸਵਾਣੀ, ਬੁਰਾ ਭਲਾ ਦੁਇ ਲੇਖ ਭਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ, ਤਉ ਗੁਣ ਨਾਹੀ ਅੰਤੁ ਹਰੇ ॥੧॥
ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ਰਹਾਉ॥
ਜਾਲੀ ਰੈਨਿ, ਜਾਲੁ ਦਿਨੁ ਹੂਆ, ਜੇਤੀ ਘੜੀ ਫਾਹੀ ਤੇਤੀ ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ, ਛੂਟਸਿ ਮੂੜੇ ਕਵਨ ਗੁਣੀ ॥੨॥
ਕਾਇਆ ਆਰਣੁ, ਮਨੁ ਵਿਚਿ ਲੋਹਾ, ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ, ਮਨੁ ਜਲਿਆ, ਸੰਨੀ ਚਿੰਤ ਭਈ ॥੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ, ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ,ਤਉ ਨਾਨਕ ਤ੍ਰਿਸਟਸਿ ਦੇਹਾ ।੪॥੩॥[ਮਾਰੂ ਮਹਲਾ ੧,ਪੰਨਾ ੯੯੦

+ + +

ਪੱਛਮੀ ਵਿੱਦਿਆ ਦੇ ਪਰਭਾਵ ਨਾਲ ਅੱਜ ਕਲ੍ਹ ਕਈ ਪੜ੍ਹੇ-ਲਿਖੇ ਸੱਜਣਾਂ ਦੇ ਮਨ ਵਿਚ ਇਹ-ਖ਼ਿਆਲ ਉੱਠ ਰਹੇ ਹਨ ਕਿ ਅਸੀ ਸਰੀਰਕ ਰਹਿਤ ਰੱਖਣ ਤੋਂ ਬਿਨਾ ਭੀ ਗੁਰੂ ਨਾਨਕ ਸਾਹਿਬ ਦੇ ਸਿੱਖ ਬਣੇ ਰਹਿ ਸਕਦੇ ਹਾਂ। ਜੇ ਸਾਡੇ ਹਿਰਦੇ ਵਿਚ ਪ੍ਰੀਤਮ-ਸਤਿਗੁਰੂ ਦੀ ਬਾਣੀ ਦਾ ਪਿਆਰ ਹੈ, ਜੇ ਸਾਡਾ ਮਨ ਗੁਰੂ ਨਾਨਕ ਜੀ ਦੇ ਚਰਨਾਂ ਵਿੰਚ ਜੁੜਿਆ ਹੋਇਆ ਹੈ, ਜੇ ਅਸੀ ਉਹਨਾਂ ਦੇ ਦਸੇ ਹੋਏ ਆਤਮਕ ਨਿਯਮਾਂ ਨੂੰ ਮੰਨਦੇ ਹਾਂ, ਤਾਂ ਅਸੀ ਉਹਨਾਂ ਦੇ ਸਿੱਖ ਹਾਂ, ਅਤੇ ਏਸ ਗੱਲ ਦੀ ਲੋੜ ਨਹੀਂ ਰਹਿ ਜਾਂਦੀ ਕਿ ਅਸੀ ਆਪਣੇ ਸਰੀਰ ਨੂੰ ਕਿਸੇ ਖ਼ਾਸ ਨੀਯਤ ਸ਼ਕਲ ਵਿਚ ਰੱਖੀਏ। ਧਰਮ ਦਾ ਸੰਬੰਧ ਮਨ ਨਾਲ ਏ, ਸਰੀਰ ਨਾਲ ਨਹੀਂ।

ਇਸ ਦਲੀਲ ਦਾ ਉੱਤਰ ਹਰੇਕ ਮਨੁੱਖ ਆਪਣੇ ਅੰਦਰ ਧਿਆਨ ਮਾਰ ਕੇ ਆਪ ਹੀ ਦੇ ਸਕਦਾ ਹੈ ਕਿ ਕਿਹੜੀ ਕਿਹੜੀ ਰਹਿਤ ਨੂੰ ਛੱਡ ਕੇ ਉਹ ਕਿਤਨਾ ਕੁ ਗੁਰੂ ਨਾਨਕ ਨੂੰ ਪਿਆਰ ਕਰਨ ਵਾਲਾ ਰਹਿ ਸਕਦਾ ਹੈ। ਕੇਸ ਆਦਿਕ ਰਹਿਤ ਬੇ-ਲੋੜਵੀਂ ਜਾਪਦੀ ਹੈ; ਦੂਜੇ ਸ਼ਬਦਾਂ ਵਿਚ ਇਹ ਆਖ ਲਵੋ ਕਿ ਅੱਜ ਕਲ੍ਹ ਕੇ ਸਮੇ ਦੇ ਅਨੁਸਾਰ ਨਹੀਂ ਢੁਕਦੀ। ਹੋਰ ਖੁਲ੍ਹੇ ਅੱਖਰਾਂ ਵਿਚ, ਇਸ ਦਾ ਭਾਵ ਸ਼ਾਇਦ ਇਹ ਹੈ ਕਿ 'ਅੱਜ ਕਲ੍ਹ' ਦੇ ਫ਼ੈਸ਼ਨਾਂ ਦੇ ਨਾਲ ਫਬਦੀ ਨਹੀਂ। ਜਿਨ੍ਹਾਂ ਫ਼ੈਸ਼ਨਾਂ ਦਾ, ਜਿਨ੍ਹਾਂ ਸੁਖਾਂ ਦਾ ਮਨ ਅਨੰਦ ਲੈਣਾ ਚਾਹੁੰਦਾ ਹੈ, ਉਹਨਾਂ ਦੇ ਰਾਹ ਵਿਚ ਇਹ ਰਹਿਤ ਰੁਕਾਵਟ ਪਾਉਂਦੀ ਹੈ।

ਪਰ ਆਓ, ਵੇਖੀਏ ਕਿ ਸਤਿਗੁਰੂ ਦੀ ਬਾਣੀ ਭੀ ਸਾਨੂੰ ਕਿਤਨੀ ਕੁ ਪਿਆਰੀ ਹੈ; ਤੇ ਅਸੀ ਆਪਣੇ ਆਤਮਕ ਜੀਵਨ ਨੂੰ ਕਿਤਨਾ ਕੁ ਏਸ ਦੇ ਅਨੁਸਾਰ ਢਾਲ ਰਹੇ ਹਾਂ। ਪ੍ਰੀਤਮ ਚੌਥੇ ਪਾਤਸ਼ਾਹ ਜੀ ਸਿੱਖ ਅਖਵਾਉਣ ਵਾਲੇ ਲਈ ਅਮੋਲਕ ਰਹਿਤ ਇਉਂ ਦੱਸਦੇ ਹਨ :–

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰਸਿਖੁ ਗੁਰੂ ਮਨਿ ਭਾਵ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (੧੧)
[ਵਾਰ ਗਉੜੀ ਮ: ੪, ਪੰਨਾ ੩੦੫

ਜਿਉਂ ਜਿਉਂ ਅਸੀ ਇਸ ਸ਼ਬਦ ਨੂੰ ਵਿਚਾਰਾਂਗੇ, ਤਿਉਂ ਤਿਉਂ ਇਹ ਗੱਲ ਸਾਫ਼ ਦਿਸ ਪਏਗੀ ਕਿ ਜਿਸ


www.AKJ.Org

ਸਰੀਰਕ ਰਹਿਤ ਨੂੰ ਅਸੀ ਅੱਜ ਔਖੀ ਸਮਝ ਕੇ, ਜਾਂ, ਅੱਜ ਕਲ੍ਹ ਦੇ ਫ਼ੈਸ਼ਨਾਂ ਤੇ ਸੰਸਾਰਕ ਸੁਖਾਂ ਦੇ ਰਾਹ ਵਿਚ ਇਕ ਰੁਕਾਵਟ ਸਮਝ ਕੇ ਛੱਡਣਾ ਚਾਹੁੰਦੇ ਹਾਂ, ਉਸ ਨਾਲੋਂ ਇਹ ਆਤਮਕ ਰਹਿਤ ਕਈ ਹਿੱਸੇ ਵਧੀਕ ਔਖੀ ਹੈ ਤੇ ਪਰਤੱਖ ਤੌਰ ਤੇ ਸੰਸਾਰਕ ਸੁਖਾਂ ਦੇ ਰਾਹ ਵਿਚ ਰੁਕਾਵਟ ਹੈ।

ਪਰ ਏਸ ਗੱਲ ਦਾ ਇਹ ਭਾਵ ਭੀ ਨਹੀਂ ਹੈ ਕਿ ਸਰੀਰਕ ਰਹਿਤ ਨੇ ਆਤਮਕ ਰਹਿਤ ਦੀ ਥਾਂ ਲੈਣੀ ਹੈ, ਭਾਵ, ਨਿਰੀ ਸਰੀਰਕ ਰਹਿਤ ਰੱਖਿਆਂ ਹੀ ਮਨੁੱਖ ਸਿੱਖ ਬਣ ਸਕਦਾ ਹੈ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :-

ਜੋਈ ਕੁਲਾ ਧਰਮ ਕਰਮ ਕੈ ਸੁਚਾਰ ਚਾਰ, ਸੋਈ ਪਰਵਾਰ ਬਿਖੈ ਸ੍ਰੇਸ਼ਟ ਬਖਾਨੀਐ ॥
ਬਨਜ ਬਿਉਹਾਰ ਸਾਚੋ ਸ਼ਾਹ ਸਨਮੁਖ ਸਦਾ, ਸੋਈ ਤੋ ਬਨਉਟਾ ਨਿਹਕਪਟ ਕੈ ਮਾਨੀਐ ॥
ਸੁਆਮੀ ਕਾਮ ਸਾਵਧਾਨ ਮਾਨਤ ਨਰੇਸ਼ ਆਨਿ, ਸੋਈ ਸੁਆਮਿ-ਕਾਰਜੀ ਪ੍ਰਸਿੱਧ ਪਹਿਚਾਨੀਐ ॥
ਗੁਰ-ਉਪਦੇਸ਼ ਪਰਵੇਸ਼ ਰਿਦ ਅੰਤਰਿ ਹੈ, ਸਬਦਿ ਸੁਰਤਿ ਸੋਈ ਸਿਖੁ ਜਗਿ ਜਾਨੀਐ ॥੩੯੦॥

\+ \+ \+

ਸਲਾਮੁ ਜਬਾਬੁ ਦੋਵੈ ਕਰੇ, ਮੁੰਢਹੁ ਘੁਥਾ ਜਾਇ ॥੨॥੨੧॥ [ਆਸਾ ਦੀ ਵਾਰ, ੪੭੪

ਦੁਨੀਆ ਵਿਚ ਇਹ ਇਕ ਪਰਸਿੱਧ ਨਿਯਮ ਹੈ ਕਿ ਇਕ ਮਨੁੱਖ ਆਪਣੇ ਕਿਸੇ ਲਾਭ ਦੀ ਖ਼ਾਤਰ ਕਿਸੇ ਹੋਰ ਦਾ ਤਦੋਂ ਹੀ ਹੋ ਕੇ ਰਹਿ ਸਕਦਾ ਹੈ ਜੇ ਉਹ ਉਸ ਦੇ ਹੁਕਮ ਵਿਚ ਪੂਰਨ ਤੌਰ ਤੇ ਤੁਰੇ, ਜੋ ਉਸ ਉਤੇ ਪੂਰਾ ਇਤਬਾਰ ਰੱਖੇ। ਸਕੂਲ ਵਿਚੋਂ ਭੀ ਸਿੱਖਿਆ ਪ੍ਰਾਪਤ ਕਰਨ ਦਾ ਪਹਿਲਾ ਨਿਯਮ ਵਿਦਿਆਰਥੀ ਲਈ ਇਹੀ ਹੈ ਕਿ ਆਪਣੇ ਵਿੱਦਿਆ-ਦਾਤੇ ਤੇ ਯਕੀਨ ਲਿਆਵੇ। ਜੇ ਵਿਦਿਆਰਥੀ ਨੂੰ ਆਪਣੇ ਪੜ੍ਹਾਉਣ ਵਾਲੇ ਉਤੇ ਸਦਾ ਸ਼ੱਕ ਹੀ ਪੈਂਦੇ ਰਹਿਣ, ਤਾਂ ਉਸ ਪਾਸੋਂ ਉਹ ਪੂਰਾ ਲਾਭ ਨਹੀਂ ਉਠਾ ਸਕਦਾ।

ਆਤਮਕ ਵਿਦਿਆ-ਪ੍ਰਾਪਤੀ ਵਾਸਤੇ ਏਸ ਨਿਯਮ ਦੀ ਵਧੀਕ ਲੋੜ ਪੈਂਦੀ ਹੈ, ਕਿਉਂਕਿ ਏਥੇ ਤਾਂ ਸਿੱਖਣੇ ਹੀ ਉਹ ਭੇਦ ਹਨ, ਜੋ ਇਹਨਾਂ ਅੱਖਾਂ ਨਾਲ ਨਹੀਂ ਦਿੱਸਦੇ, ਜਿਨ੍ਹਾਂ ਦੀ ਖ਼ਾਤਰ ਖ਼ਾਸ ਕਮਾਈ ਕਰਨੀ ਪੈਂਦੀ ਹੈ।......

\+ \+ \+

ਬਾਈਬਲ ਵਿਚ ਇਕ ਸੁਆਦਲੀ ਸਾਖੀ ਆਉਂਦੀ ਹੈ। ਲਿਖਿਆ ਹੈ ਕਿ ਇਕ ਸਮੇਂ ਹਜ਼ਰਤ ਈਸਾ ਜੀ ਆਪਣੇ ਬਾਰ੍ਹਾਂ ਸ਼ਗਿਰਦਾਂ ਸਮੇਤ ਜਹਾਜ਼ ਉਤੇ ਸਵਾਰ ਸਨ। ਆਪ ਜਹਾਜ਼ ਵਿਚ ਸੌਂ ਗਏ, ਅਤੇ ਇਤਨੇ ਨੂੰ ਇਕ ਵੱਡਾ ਤੂਫ਼ਾਨ ਆ ਗਿਆ। ਸਮੁੰਦਰ ਦੇ ਪਾਣੀ ਵਿਚ ਵੱਡੀਆਂ ਵੱਡੀਆਂ ਠਾਠਾਂ ਪੈਣ ਲੱਗ ਪਈਆਂ। ਜਹਾਜ਼ ਡੋਲਣ ਲਗ ਪਿਆ। ਹਜ਼ਰਤ ਸਾਹਿਬ ਦੇ ਸਿੱਖ ਬੜੇ ਘਬਰਾਏ, ਡਰਨ ਲਗੇ ਕਿ ਕਿਤੇ ਜਹਾਜ਼ ਡੁੱਬ ਨਾ ਜਾਏ। ਹਜ਼ਰਤ ਨੂੰ ਉਹਨਾਂ ਜਗਾਇਆ, ਹਜ਼ਰਤ ਨੇ ਉੱਠ ਕੇ ਤੂਫ਼ਾਨ ਨੂੰ ਝਿੜਕਿਆ ਅਤੇ ਸ਼ਾਂਤੀ ਵਰਤੀ।

ਠੀਕ ਇਹੀ ਹਾਲ ਸਾਡੇ ਅੰਦਰ ਵਰਤ ਰਿਹਾ ਹੈ। ਪੱਛਮੀ ਵਿਦਿਆ ਦੇ ਕਾਰਨ ਸਾਡੇ ਅੰਦਰ ਚੰਚਲਤਾ ਤੇ ਚਤਰਤਾ ਦਾ ਤੂਫ਼ਾਨ ਆ ਗਿਆ ਹੈ, ਜਿਸ ਦੇ ਕਾਰਨ ਮਨ ਡੋਲ ਰਿਹਾ ਹੈ, ਅਸ਼ਰਧਾ ਵਧ ਰਹੀ ਹੈ। ਜੇ ਏਸ ਸਰੀਰ ਰੂਪ ਬੇੜੀ ਦੇ ਧੁਰ ਅੰਦਰ ਅਵਿੱਦਿਆ ਵਿਚ ਸੁੱਤੇ ਹੋਏ ਆਤਮਾ ਨੂੰ ਜਾਗ ਨਾ ਆਈ, ਤਾਂ ਹੋ ਸਕਦਾ ਹੈ ਕਿ ਇਹ ਬੇੜੀ ਵਿਕਾਰਾਂ ਦੇ ਸਮੁੰਦਰ ਵਿਚ ਡੁੱਬ ਜਾਏ। ਆਤਮਾ ਜਾਗੇ ਕਿਵੇਂ ? ਸਾਹਿਬ ਫ਼ੁਰਮਾਉਂਦੇ ਹਨ :-

ਸਾਧ ਸੰਗਿ ਮਨ ਸੋਵਤ ਜਾਗੇ ॥
ਤਬ ਪ੍ਰਭ ਨਾਨਕ ਮੀਠੇ ਲਾਗੇ ॥੪॥ [ਆਸਾ ਮ: ੫, ਪੰਨਾ ੩੮੬

ਸਾਡੀ ਵਰਤਮਾਨ ਹੀਣੀ ਦਸ਼ਾ ਦਾ ਨਕਸ਼ਾ ਪ੍ਰੀਤਮ ਗੁਰੂ ਨਾਨਕ ਦੇਵ ਜੀ ਇਕ ਸੁਹਣੇ ਦ੍ਰਿਸ਼ਟਾਂਤ ਦੁਆਰਾ ਸਾਡੇ ਸਾਹਮਣੇ ਰੱਖਦੇ ਹਨ। ਇਕ ਸਰੋਵਰ ਹੈ, ਜਿਸ ਵਿਚ ਕਦੇ ਨਿਰਮਲ ਜਲ ਸੀ ਅਤੇ ਇਸ ਜਲ ਦਾ ਸਦਕਾ ਉਸ ਵਿਚ ਸੋਹਣੇ ਸੋਹਣੇ ਸੁਅਰਨ ਦੇ ਰੰਗ ਵਰਗੇ ਕੋਮਲ ਕਉਲ ਫੁੱਲ ਖਿੜੇ ਹੋਏ ਸਨ। ਸਰੋਵਰ ਦੇ ਮੰਦ ਭਾਗ ! ਜਲ ਦੇ ਸੋਮੇ ਨਾਲੋਂ ਏਸ ਦਾ ਸੰਬੰਧ ਟੁਟ ਜਾਂਦਾ ਹੈ। ਏਸ ਟੋਟ ਦੇ ਕਾਰਨ ਸਰੋਵਰ ਸੁੱਕ ਜਾਂਦਾ ਹੈ, ਕਉਲ ਫੁਲ ਸੜ ਜਾਂਦੇ ਹਨ ਅਤੇ ਸਰੋਵਰ ਵੇਖਣ ਨੂੰ ਕਾਲਾ ਜਾਪਦਾ ਹੈ।



www.AKJ.Org

ਇਹ ਦ੍ਰਿਸ਼ ਅੱਖਾਂ ਅਗੇ ਲਿਆ ਕੇ ਸਰੋਵਰ ਨੂੰ ਸੰਬੋਧਨ ਕਰ ਕੇ ਆਪ ਇਉਂ ਫ਼ੁਰਮਾਉਂਦੇ ਹਨ :–

ਪਬਰ, ਤੂੰ ਹਰੀਆਵਲਾ, ਕਵਲਾ ਕੰਚਨ-ਵੰਨਿ ॥
ਕੈ ਦੋਖੜੈ ਸੜਿਓਹਿ, ਕਾਲੀ ਹੋਈਆ ਦੇਹੁਰੀ, ਨਾਨਕ ਮੈ ਤਨਿ ਭੰਗੁ ॥
ਜਾਣਾ ਪਾਣੀ ਨਾ ਲਹਾ, ਜੈ ਸੇਤੀ ਮੇਰਾ ਸੰਗੁ ॥੩੦॥ (੧੪੧੨) [ਸਲੋਕ ਮ: ੧ ਵਾਰਾਂ ਤੇ ਵਧੀਕ

ਜ਼ਿੰਦਗੀ ਦੇ ਸੋਮੇ ਸਿਰਜਣਹਾਰ ਨਾਲੋਂ ਸਾਡੇ ਦਿਲਾਂ ਦੀ ਤਾਰ ਟੁੱਟੀ ਹੋਈ ਹੈ, ਜਿਸ ਕਰਕੇ ਸਾਡੇ ਅੰਦਰ ਮੁਰਦਿਹਾਣ ਹੈ, ਤੇ ਮੁੜ ਮੁੜ ਸਾਡਾ ਚਿੱਤ ਤਮਾਸ਼ਿਆਂ ਵਲ ਭੱਜਦਾ ਹੈ, ਜਗਤ ਦੇ ਚੰਚਲ ਫ਼ੈਸ਼ਨਾਂ ਦਾ ਆਸ਼ਕ ਹੋ ਰਿਹਾ ਹੈ ਤੇ ਉਂਞ ਵਿਦਵਤਾ ਦੇ ਅਧਾਰ ਤੇ ਆਪਣੇ ਵਲੋਂ ਸਿਆਣਾ ਬਣ ਕੇ ਆਖ ਰਿਹਾ ਹੈ ਕਿ ਸੋਹਣੇ ਸਤਿਗੁਰੂ ਦੀ ਅਗਵਾਈ ਦੀ, ਗੁਰੂ ਦੇ ਪਿਆਰੇ ਸਰੂਪ ਦੀ, ਹੁਣ ਸਾਨੂੰ ਲੋੜ ਨਹੀਂ। ਪਰ ਜਿਨ੍ਹਾਂ ਦੇ ਅੰਦਰ ਗੁਰ-ਉਪਦੇਸ਼ ਦੀ ਬਰਕਤ ਨਾਲ ਖਿੜਾਉ ਤੇ ਹੁਲਾਰਾ ਆਇਆ ਹੈ, ਉਹਨਾਂ ਨੂੰ ਤਾਂ ਪ੍ਰੀਤਮ ਦਾ ਸਰੀਰ ਭੀ ਸੋਹਣਾ ਲੱਗ ਰਿਹਾ ਹੈ। ਆਓ ਵੇਖੋ ਗੁਰੂ ਤੋਂ ਵਿਕੇ ਹੋਏ ਸਾਹਿਬ ਗੁਰੂ ਰਾਮਦਾਸ ਜੀ ਕੀ ਆਖਦੇ ਹਨ :—

ਸੋ ਧੰਨੁ ਗੁਰੂ ਸਾਬਾਸਿ ਹੈ, ਹਰਿ ਦੇਇ ਸਨੇਹਾ ॥
ਹਉ ਵੇਖਿ ਵੇਖਿ ਗੁਰੂ ਵਿਗਸਿਆ, ਗੁਰ ਸਤਿਗੁਰ ਦੇਹਾ ॥੧੭॥
ਗੁਰ-ਰਸਨਾ ਅੰਮ੍ਰਿਤੁ ਬੋਲਦੀ, ਹਰਿ ਨਾਮਿ ਸੁਹਾਵੀ ॥
ਜਿਨ ਸੁਣਿ ਸਿਖਾ ਗੁਰੁ ਮੰਨਿਆ, ਤਿਨਾ ਭੁਖ ਸਭ ਜਾਵੀ ॥੧੮॥

[ਤਿਲੰਗ ਮਹਲਾ ੪, ਪੰਨਾ ੭੨੬

\+ \+ \+

ਸਾਡੇ ਦਿਲ ਦੀ ਤਾਰ ਪ੍ਰੀਤਮ ਸਤਿਗੁਰੂ ਦੇ ਚਰਨਾਂ ਨਾਲੋਂ ਟੁੱਟ ਚੁਕੀ ਹੈ, ਸਾਡੇ ਅੰਦਰ ਗੁਰੂ ਦਾ ਪਿਆਰ ਨਹੀਂ ਹੈ, ਏਸ ਕਰਕੇ ਗੁਰੂ ਨਾਲ ਸੰਬੰਧ ਰੱਖਣ ਵਾਲੇ ਪਦਾਰਥ ਸਾਨੂੰ ਪਿਆਰੇ ਨਹੀਂ ਲੱਗਦੇ।......

ਪੱਛਮੀ ਵਿਦਿਆ ਦੀ ਬਰਕਤ ਨਾਲ ਚਤਰ ਹੋਏ ਹੋਏ ਮਨ! ਆ, ਆਪਣੇ ਅੰਦਰ ਝਾਤੀ ਮਾਰ। ਕਿਤੇ ਤੂੰ ਭੀ ਸਿਖ ਧਰਮ ਦੀ ਇਮਾਰਤ ਨੂੰ ਦੂਰੋਂ ਦੂਰੋਂ ਹੀ ਤਾਂ ਨਹੀਂ ਤੱਕ ਰਿਹਾਂ? ਸ਼ਾਇਦ ਏਸੇ ਕਾਰਨ ਤੈਨੂੰ ਇਹ ਜਰਜਰੀ ਜਾਪਦੀ ਹੋਵੇ, ਤਾਈਏਂ ਤੇਰਾ ਚਿੱਤ ਕਰਦਾ ਹੋਵੇ ਕਿ ਪੁਰਾਣਾ ਹੋਇਆ ਹੋਇਆ ਹਿੱਸਾ ਨਵੇਂ ਫ਼ੈਸ਼ਨ ਦੀ ਇਮਾਰਤ ਬਣੇ? ਪਰ ਸੱਜਣਾ! ਦੂਰੋਂ ਨਜ਼ਰ ਧੋਖਾ ਖਾ ਜਾਂਦੀ ਹੈ। ਰਤਾ ਨੇੜੇ ਢੁਕ, ਅੰਦਰ ਲੰਘ। ਸੱਚ ਆਖ, ਰੋਜ਼ ੨੪ ਘੰਟਿਆਂ ਵਿਚੋਂ ਕਿਤਨੇ ਸਮੇ ਲਈ ਸੋਹਣੇ ਗੁਰੂ ਨਾਨਕ ਪਾਤਸ਼ਾਹ ਕਲਗੀਆਂ ਵਾਲੇ ਦੇ ਨੇੜੇ ਹੋ ਕੇ ਬੈਠਦਾ ਹੈਂ? ਜੇ ਕਈ ਦਿਨ, ਕਈ ਕਈ ਮਹੀਨੇ, ਕਈ ਸਾਲ ਬੀਤ ਜਾਂਦੇ ਹਨ, ਤੇ ਪ੍ਰੀਤਮ ਦੇ ਨਾ ਕਦੇ ਆਤਮਾ ਰੂਪ ਬਾਣੀ ਵਿਚ ਚੁੱਭੀ ਲਾਈ ਹੈ ਅਤੇ ਨਾ ਹੀ ਸਰੀਰਕ ਜਾਮੇ ਵਾਲਾ ਕੋਈ ਕੌਤਕ ਹੀ ਵੇਖਿਆ ਹੈ, ਤਾਂ ਦੱਸ, ਹੇ ਮਨ! ਏਸੇ ਸਾਂਝ ਦੇ ਮਾਣ ਤੇ ਏਸ ਇਮਾਰਤ ਨੂੰ ਪੁਰਾਣੀ ਤੇ ਜਰਜਰੀ ਆਖ ਰਿਹਾ ਹੈਂ?

ਹੇ ਚਤਰ ਚਿੱਤ! ਵੇਖ ਤੇਰੇ ਵਾਂਗ ਦੂਰੋਂ ਦੂਰੋਂ ਸੁਣਨ ਤੇ ਤੱਕਣ ਵਾਲਾ ਇਕ ਮਨੁੱਖ ਕਲਗੀਆਂ ਵਾਲੇ ਦੇ ਸਰੀਰ ਤੇ ਸਰੂਪ ਨਾਲ ਵੈਰ ਧਾਰ ਫ਼ੌਜਾਂ ਦੇ ਕਟਕ ਚਾੜ੍ਹੀ ਅਨੰਦਪੁਰ ਨੂੰ ਆ ਰਿਹਾ ਹੈ। ਇਹ ਸਰਦਾਰ ਸੈਦ ਖ਼ਾਂ ਹੈ ਤੇ ਔਰੰਗਜ਼ੇਬ ਦੀਆਂ ਫ਼ੌਜਾਂ ਦਾ ਜਰਨੈਲ ਹੈ। ਪੀਰ ਬੁਧੂ ਸ਼ਾਹ ਜੀ (ਜੋ ਸੋਹਣੇ ਕਲਗੀਆਂ ਵਾਲੇ ਤੋਂ ਵਿਕੇ ਹੋਏ ਹਨ ਤੇ ਆਪਣੇ ਜਿਗਰ ਦੇ ਟੋਟੇ ਜੁਆਨ ਪੁੱਤਰ ਪ੍ਰੀਤਮ ਜੀ ਦੇ ਚਰਨ-ਕਮਲਾਂ ਤੋਂ ਸਦਕੇ ਕਰ ਚੁਕੇ ਹਨ) ਹਾਂ, ਪੀਰ ਜੀ ਦਾ ਇਹ ਸਾਲਾ ਹੈ, ਏਸ ਨੂੰ ਕਈ ਵਾਰੀ ਹੈਰਾਨੀ ਆਉਂਦੀ ਹੈ ਕਿ ਪੀਰ ਜੀ ਉੱਚੀ ਅਵਸਥਾ ਦੇ ਮਾਲਕ ਹੁੰਦੇ ਹੋਏ ਤੇ ਏਤਨੇ ਮੁਰੀਦਾਂ ਦੇ ਹੁੰਦਿਆਂ ਕਿਵੇਂ ਹਿੰਦੂਆਂ ਦੇ ਗੁਰੂ ਤੋਂ ਸਦਕੇ ਹੋਏ ਹੋਏ ਹਨ, ਪਰ ਵਿਚਾਰੇ ਦੀ ਸਮਝ ਵਿਚ ਕੁਝ ਨਹੀਂ ਆਉਂਦਾ। ਪੀਰ ਜੀ ਤੋਂ ਭੀ ਪੁੱਛ ਚੁੱਕਿਆ ਹੈ, ਉਹਨਾਂ ਤੋਂ ਭੀ ਕੇਵਲ ਉਤਰ ਮਿਲਿਆ ਹੈ ਕਿ ਭਾਈ! ਦਰਸ਼ਨ ਕਰੇਂਗਾ ਤਾਂ ਭਰਮ ਦੂਰ ਹੋ ਜਾਏਗਾ।

ਹੁਣ ਇਹ ਜਰਨੈਲ ਸੈਦ ਖ਼ਾਂ ਉਸੇ ਸੋਹਣੇ ਪ੍ਰੀਤਮ ਨੂੰ ਮਾਰ ਮੁਕਾਉਣ ਲਈ ਜਾਂ ਜੀਉਂਦਾ ਫੜਨ ਲਈ



www.AKJ.Org

ਜਾ ਰਿਹਾ ਹੈ, ਪਰ ਕਦੇ ਕਦੇ ਪੀਰ ਬੁਧੂ ਸ਼ਾਹ ਦੇ ਬਚਨ ਚੇਤੇ ਆ ਜਾਂਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦੇ ਚਾਰ ਚੁਫੇਰੇ ਫ਼ੌਜਾਂ ਨੇ ਘੇਰਾ ਘੱਤ ਲਿਆ ਹੈ, ਮੀਲਾਂ ਤਾਈਂ ਪਹਾੜੀ ਰਾਜਿਆਂ ਦੀਆਂ ਤੇ ਔਰੰਗਜ਼ੇਬ ਦੀਆਂ ਫ਼ੌਜਾਂ ਡੇਰੇ ਜਮਾਈ ਬੈਠੀਆਂ ਹਨ। ਸਭ ਦੇ ਮਨ ਵਿਚ ਇਹ ਜੋਸ਼ ਉੱਠ ਰਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਨੂੰ ਪਕੜ ਲੈਣਾ ਹੈ ਤੇ ਪਾਤਸ਼ਾਹ ਤੋਂ ਬੜੇ ਬੜੇ ਇਨਾਮ ਹਾਸਲ ਕਰਨੇ ਹਨ।

ਅੱਜ ਕਿਲ੍ਹੇ ਤੇ ਚੜ੍ਹਾਈ ਕਰਨ ਲਈ ਸੈਦ ਖ਼ਾਂ ਦੀ ਵਾਰੀ ਹੈ। ਉਸ ਦੇ ਜੁਆਨ ਆਪਣੇ ਸ਼ਸਤਰਾਂ ਨਾਲ ਸਨੱਧ-ਬੱਧ ਤਿਆਰ ਹੋ ਰਹੇ ਹਨ। ਸੈਦ ਖ਼ਾਂ ਘੋੜੇ ਤੇ ਸੁਆਰ ਹੈ ਤੇ ਆਪਣੇ ਸੂਰਮਿਆਂ ਨੂੰ ਜੰਗੀ ਹਿਦਾਇਤਾਂ ਦੇ ਰਿਹਾ ਹੈ। ਪਰ ਕਦੇ ਕਦੇ ਪੀਰ ਜੀ ਦੇ ਬਚਨ ਚੇਤੇ ਆ ਜਾਂਦੇ ਹਨ, ਤੇ ਅੱਖਾਂ ਅਨੰਦਪੁਰ ਸਾਹਿਬ ਵਲ ਜਾ ਟਿਕਦੀਆਂ ਹਨ। ਮਨ ਵਿਚ ਖ਼ਿਆਲ ਉਠ ਰਹੇ ਹਨ—"ਮੇਰਾ ਪੀਰ ਅੰਞਾਣਾ ਨਹੀਂ, ਜਿਗਰ ਦੇ ਟੋਟੇ ਦੇ ਕੇ ਸੌਦਾ ਕੀਤਾ ਨੇ, ਕੋਈ ਅਜ਼ਮਤ ਅੱਖੀਂ ਵੇਖੀ ਹੀ ਹੋਵੇਗੀ। ਕਿਆ ਅੱਛਾ ਹੋਵੇ, ਜੇ ਜੰਗ ਅਰੰਭ ਹੋਣ ਤੋਂ ਪਹਿਲਾਂ ਮੈਂ ਭੀ ਗੁਰੂ ਨੂੰ ਵੇਖ ਲਵਾਂ! ਪੀਰ ਜੀ ਆਖਦੇ ਸਨ, ਗੁਰੂ ਅੰਤਰਜਾਮੀ ਹੈ। ਜੇ ਦਿਲਾਂ ਦੀਆਂ ਜਾਣਦਾ ਹੈ ਤਾਂ ਮੇਰੇ ਦਿਲ ਦੀ ਕਿਉਂ ਨਹੀਂ ਬੁੱਝਦਾ ?"

ਫ਼ੌਜ ਤਿਆਰ ਹੋ ਚੁਕੀ ਹੈ, ਪਰ ਸੈਦ ਖ਼ਾਂ ਦੇ ਮਨ ਵਿਚ ਅਜੇ ਭੀ ਉਹੀ ਖ਼ਿਆਲ ਆ ਰਹੇ ਹਨ। ਔਹ ਵੇਖੋ! ਸ਼ਾਹਨ ਸ਼ਾਹ, ਪੀਰਾਨ ਪੀਰ ਗੁਰੂ ਆਪਣੇ ਨੀਲੇ ਤੇ ਅਸਵਾਰ ਹੁੰਦੇ ਹਨ ਤੇ ਇਕੱਲੇ ਹੀ ਕਿਲ੍ਹੇ ਵਿਚੋਂ ਨਿਕਲ ਕੇ ਵੈਰ ਕਮਾਉਣ ਆਏ ਰੱਬ ਦੇ ਬੰਦਿਆਂ ਵਿਚੋਂ ਦੀ ਲੰਘਦੇ ਲੰਘਦੇ ਅਨੰਦਪੁਰ ਸਾਹਿਬ ਤੋਂ ਬਾਹਰ ਤਿੰਨ ਚਾਰ ਮੀਲ ਤੇ ਸੈਦ ਖ਼ਾਂ ਦੇ ਸਾਹਮਣੇ ਜਾ ਅੱਪੜਦੇ ਹਨ। ਹੇ ਮੇਰੇ ਚਤਰ ਮਨ! ਤੱਕ! ਸੈਦ ਖ਼ਾਂ ਦੇ ਭਾਗ ਜਾਗਣ ਲਗੇ ਹਨ। ਜਿਸ ਸਾਬਤ ਸੂਰਤ ਤੇ ਅੱਜ ਤੈਨੂੰ ਇਤਰਾਜ਼ ਫੁਰ ਰਹੇ ਹਨ, ਉਸੇ ਦਾ ਦੀਦਾਰ ਅੱਜ ਉਸ ਸੈਦ ਖ਼ਾਂ ਨੂੰ ਹੋਣ ਲੱਗਾ ਹੈ, ਜੋ ਫ਼ੌਜਾਂ ਲੈ ਕੇ ਗੁਰੂ ਨੂੰ ਪਕੜਨ ਲਈ ਆਇਆ ਹੋਇਆ ਹੈ। ਸਾਹਿਬ ਕਲਗੀਧਰ ਜੀ ਨੇ ਆਪਣਾ ਘੋੜਾ ਸੈਦ ਖ਼ਾਂ ਦੇ ਸਾਹਮਣੇ ਆ ਖੜਾ ਕੀਤਾ ਹੈ। ਸੈਦ ਖ਼ਾਂ ਦੀਆਂ ਅੱਖਾਂ ਭੀ ਉਸੇ ਸੋਹਣੀ ਸੂਰਤ ਵਲ ਲੱਗੀਆਂ ਹੋਈਆਂ ਸਨ। ਪ੍ਰੀਤਮ ਜੀ ਦੇ ਅਪੜਨ ਤਕ ਏਸ ਨੂੰ ਆਪਣਾ ਆਪ ਭੁੱਲ ਚੁਕਿਆ ਸੀ। ਰੱਬੀ ਨੂਰ ਦੇ ਪੁੰਜ ਗੁਰੂ ਨੂੰ ਤੱਕ ਕੇ ਬੇਵਸ ਇਉਂ ਬੋਲ ਉਠਿਆ :–

ਖ਼ੁਦਾ ਆਇਦ, ਖ਼ੁਦਾ ਆਇਦ, ਕਿ ਮੇ ਆਇਦ ਖ਼ੁਦਾ ਬੰਦਾਹ।
ਹਕੀਕਤ ਦਰ ਮਜਾਜ਼ ਆਇਦ, ਕਿ ਮੁਰਦਹ ਰਾ ਕੁਨਦ ਜ਼ਿੰਦਾਹ।

ਭਾਵ, ਰੱਬ ਆਇਆ ਹੈ ਕਿ ਰੱਬ ਦਾ ਬੰਦਾ ਆਇਆ ਹੈ, ਰੱਬੀ ਨੂਰ ਸਰੀਰਕ ਜਾਮੇ ਵਿਚ ਆ ਗਿਆ ਹੈ, ਜਿਸ ਨੇ ਮੈਨੂੰ ਮੁਰਦੇ ਨੂੰ ਜਿਵਾਲ ਦਿੱਤਾ ਹੈ।

\+ \+ \+

ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ॥
ਸਰਬ ਸੂਖ ਕੋ ਨਾਇਕੋ, ਰਾਮ ਨਾਮ ਰਸੁ ਪੀਉ ॥੩॥ (੧੩੬੪)

ਸਰਧਾ ਤੇ ਯਕੀਨ ਨਾਲ ਹੀ ਗੁਰ ਚਰਨੀਂ ਲੱਗਿਆਂ ਵਿਸ਼ੇ ਵਿਕਾਰਾਂ ਦੇ ਇਹਨਾਂ ਹੜਾਂ ਵਿਚੋਂ ਬਚਾਉ ਹੋ ਸਕਦਾ ਹੈ। ਇਸ਼ਕ ਨਿਭਦਾ ਹੀ ਤਦੋਂ ਹੈ ਜੇ ਅੰਦਰ ਸਿਦਕ ਹੋਵੇ। ਭਾਈ ਨੰਦ ਲਾਲ ਜੀ ਫ਼ੁਰਮਾਉਂਦੇ ਹਨ :–

ਬਾ ਹਿਜਰ ਆਸ਼ਨਾ ਸ਼ੌ, ਗਰ ਤਾਲਬੇ ਵਸਾਲੀ।
ਰਾਹ ਕੈ ਬਰੀਂ ਬ-ਮਨਜ਼ਲ, ਤਾ ਰਾਹਬਰ ਨ ਬਾਸ਼ਦ।

ਭਾਵ, ਜੇ ਵਸਲ ਦੀ ਲੋੜ ਹੈ ਤਾਂ ਬਿਰਹੋਂ ਨੂੰ ਸਮਝ। ਇਹ ਬਿਰਹੋਂ ਹੀ ਗੁਰੂ-ਮਿਲਾਪ ਲਈ ਰਾਹਬਰ ਹੈ, ਏਸ ਤੋਂ ਬਿਨਾ ਮੰਜ਼ਲ ਤੇ ਕਿਵੇਂ ਅਪੜੇਂਗਾ ?

ਦਾਮਾਨਿ ਚਸ਼ਮ ਮਗੁਜ਼ਰ ਅਜ਼ ਦਸਤ ਹਮਚੁ ਮਿਯਗਾਂ ॥

[ਬਾਕੀ ਵੇਖੋ ਸਫ਼ਾ ੭ ਦੇ ਹੇਠਾਂ]



www.AKJ.Org

# ਅਰਦਾਸ ਦਾ ਫ਼ਲਸਫ਼ਾ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਕਹਿੰਦੇ ਹਨ, ਇਕ ਚਰਵਾਹਾ ਜੰਗਲ ਵਿਚ ਭੇਡਾਂ ਬਕਰੀਆਂ ਚਾਰ ਰਿਹਾ ਸੀ। ਭੇਡਾਂ ਬਕਰੀਆਂ ਨੂੰ ਘਾਹ ਤੇ ਚਰਨ ਲਈ ਛੱਡ ਕੇ, ਆਪ ਇਕ ਪਾਸੇ, ਇਕ ਬ੍ਰਿਛ ਦੀ ਛਾਵੇਂ ਬਹਿ ਗਿਆ ਤੇ ਡੂੰਘੀਆਂ ਸੋਚਾਂ ਵਿਚ ਗੜੂੰਦ ਹੋ ਗਿਆ। ਸੋਚਾਂ ਵਿਚ ਡੁੱਬੇ ਦੇ ਮਥੇ ਤੇ ਚਮਕ ਭਾ ਮਾਰਨ ਲੱਗੀ। ਉਸ ਦੇ ਬੁਲ੍ਹ ਫਰਕੇ ਤੇ ਕਹਿਣ ਲੱਗਾ, "ਹੇ ਰੱਬਾ! ਜੇ ਕਦੇ ਤੂੰ ਮਿਲ ਪਵੇਂ ਤਾਂ ਮੈਂ ਤੈਨੂੰ ਰੋਜ਼ ਬਕਰੀਆਂ ਦਾ ਤਾਜ਼ਾ ਦੁੱਧ ਪਿਲਾਵਾਂ, ਰੋਜ਼ ਤੇਰੇ ਕਪੜੇ ਧੋ ਦਿਆ ਕਰਾਂ, ਤੈਨੂੰ ਦਹੀਂ ਮਲ ਮਲ ਕੇ ਨੁਹਾਵਾਂ, ਤੇ ਤੇਰੀ ਜੁਗਾਂ ਜੁਗਾਂ ਦੀ ਮੈਲ ਲਾਹ ਦਿਆਂ।

ਇਤਫ਼ਾਕ ਨਾਲ ਹਜ਼ਰਤ ਮੂਸਾ ਓਥੋਂ ਦੀ ਲੰਘ ਰਹੇ ਸਨ। ਉਨ੍ਹਾਂ ਇਹ ਸਾਰੀਆਂ ਗੱਲਾਂ ਸੁਣੀਆਂ। ਰੱਬ ਦਾ ਇਕ ਹਾਸੋਹੀਣਾ ਚਿੱਤ੍ਰ ਵੇਖ ਕੇ, ਉਨ੍ਹਾ ਨੂੰ ਕ੍ਰੋਧ ਆ ਗਿਆ ਤੇ ਉਹ ਉਸ ਚਾਰਵਾਹੇ ਨੂੰ ਕਹਿਣ ਲੱਗੇ, "ਓ ਪਾਗਲ! ਤੂੰ ਰੱਬ ਨੂੰ ਕੀ ਜਾਤਾ ਹੈ? ਰੇਹ ਕੁਲ ਜਹਾਨਾਂ ਦਾ ਮਾਲਕ ਹੈ। ਉਸ ਨੂੰ ਤੇਰੇ ਦੁੱਧ ਦੀ ਕੀ ਪਰਵਾਹ ਪੈਂਦੀ ਹੈ। ਉਹ ਸਮੂਹ ਜਨਤਾ ਦੀ ਮੈਲ ਕੱਟਣ ਵਾਲਾ ਹੈ, ਤੇ ਤੂੰ ਉਸੇ ਦੀ ਮੈਲ ਕੱਟਣ ਨੂੰ ਫਿਰਦਾ ਹੈਂ? ਤੂੰ ਰੱਬ ਦਾ ਨਿਰਾਦਰ ਕੀਤਾ ਹੈ।"

ਪਰ, ਕਹਿੰਦੇ ਹਨ, ਉਸ ਵੇਲੇ ਅਕਾਸ਼-ਬਾਣੀ ਹੋਈ, "ਮੂਸਾ! ਤੂੰ ਦੁਨੀਆ ਵਿਚ ਮਿਲਾਪ ਕਰਾਣ ਆਇਆ ਹੈਂ, ਨਾ ਕਿ ਵਿਛੋੜੇ ਪੁਆਣ ਲਈ। ਤੂੰ ਬਹੁਤ ਬੁਰਾ ਕੀਤਾ ਹੈ, ਮੈਨੂੰ ਮੇਰੇ ਭਗਤ ਤੋਂ ਵਿਛੋੜ ਦਿਤਾ ਹੈ।* ਤੂੰ ਉਸ ਦੇ ਸ਼ਬਦਾਂ ਵਲ ਚਲਾ ਗਿਆ, ਉਸ ਦੀ ਅਰਦਾਸ ਦੀ ਭਾਵਨਾ ਨੂੰ ਨਹੀਂ ਜਾਂਚ ਸਕਿਆ। ਅਸਲ ਵਿਚ ਗੁਸਤਾਖ਼ੀ ਉਸ ਨੇ ਨਹੀਂ, ਸਗੋਂ ਤੂੰ ਕੀਤੀ ਹੈ।"

ਮੂਸਾ ਦੀਆਂ ਅੱਖਾਂ ਝੁਕ ਗਈਆਂ, ਉਸ ਨੂੰ ਪਹਿਲੀ ਵਾਰ ਪਤਾ ਚਲਿਆ, ਕਿ ਰੱਬ ਦਾ ਨੂਰ ਕੇਵਲ ਕੋਹ-ਤੂਰ ਦੀਆਂ ਚੋਟੀਆਂ ਤੋਂ ਹੀ ਨਜ਼ਰ ਨਹੀਂ ਆਉਂਦਾ, ਸਗੋਂ ਭਾਵਨਾ ਨਾਲ ਕੀਤੀ ਹੋਈ ਅਰਦਾਸ ਦੇ ਬਲ ਨਾਲ ਮਨ ਦੀਆਂ ਡੂੰਘਾਣਾਂ 'ਚੋਂ ਵੀ ਪ੍ਰਗਟ ਹੋ ਜਾਂਦਾ ਹੈ।

ਅਰਦਾਸ ਕੀ ਹੈ? ਅਰਦਾਸ ਉਹ ਡੋਰੀ (Viamedia) ਹੈ ਜਿਸ ਨਾਲ ਆਤਮਾ ਪ੍ਰਮਾਤਮਾ ਦਾ ਸੰਬੰਧ ਜੁੜਦਾ ਹੈ। ਦੂਜੇ ਸ਼ਬਦਾਂ ਵਿਚ, "ਅਰਦਾਸ ਇਕ ਅਸੰਪੂਰਨ ਸੱਤਾ ਦੀ ਸੰਪੂਰਨ ਸਤਾ ਅਗੇ ਪ੍ਰਾਰਥਨਾ ਹੈ ਕਿ ਮੈਨੂੰ ਵੀ ਪੂਰਨ ਕਰ।" "ਅਰਦਾਸ ਦਾ ਅਸਲਾ ਸਾਡੀਆਂ ਤੋਟਾਂ ਤੋਂ ਉਠਦਾ ਹੈ। ਜਿਸ ਤਰ੍ਹਾਂ ਔਕੜ ਸਮੇਂ ਕਿਸਾਨ ਦੀ ਨਿਗਾਹ ਬਦੋਬਦੀ ਅਸਮਾਨ ਵਲ ਉਠਦੀ ਹੈ, ਜਿਸ ਤਰ੍ਹਾਂ ਭੁੱਖਾ ਬਾਲਕ ਉਛਲ ਉਛਲ ਆਪਣੀ ਮਾਂ ਦੀਆਂ ਛਾਤੀਆਂ ਵਲ ਲਪਕਦਾ ਹੈ, ਉਸੇ ਤਰ੍ਹਾਂ ਹੀ ਤੋਟ ਆਇਆ ਹਿਰਦਾ ਪ੍ਰਾਰਥਨਾ ਦੇ ਬਲ ਨਾਲ ਮਾਲਕ ਵਲ ਉਡਾਰੀ ਮਾਰਦਾ ਹੈ।"

ਪਰ ਸਾਡੀ ਅਰਦਾਸ ਵਿਚ ਕਦੇ ਮਾਲਕ ਨੂੰ ਮਿਲਣ ਖ਼ਾਤਰ ਉਡਾਰੀ ਮਾਰਨ ਦੀ ਬਿਹਬਲਤਾ ਨਹੀਂ ਹੁੰਦੀ, ਸਾਡੇ ਹਿਰਦੇ ਦੀ ਮੂਕ-ਵੇਦਨਾ ਕਦੇ ਇਹ ਆਵਾਜ਼ ਬਣ ਕੇ ਨਹੀਂ ਨਿਕਲਦੀ ਕਿ :—

ਖੰਭ ਵਿਕਾਂਦੜੇ ਜੇ ਲਹਾਂ, ਘਿੰਨਾ ਸਾਵੀ ਤੋਲਿ ॥
ਤੰਨਿ ਜੜਾਈ ਆਪਣੈ ਲਹਾਂ ਸੁ ਸਜਣੁ ਟੋਲਿ ॥੨੧॥ (ਸਲੋਕ ਮ: ੫—੧੪੨੬)

ਸਾਡੀ ਅਰਦਾਸ ਵਿਚ ਕਦੇ ਉਸ ਪਰਮ-ਆਤਮਾ ਦੀ ਪ੍ਰਾਪਤੀ ਯਾ ਮਿਲਾਪ ਲਈ ਵਿਰਲਾਪ ਨਹੀਂ ਹੁੰਦਾ, ਸਗੋਂ ਸਾਡੀ ਅਰਦਾਸ ਬਹੁਤ ਘਟੀਆ ਪੱਧਰ ਤੇ ਰਹਿ ਜਾਂਦੀ ਹੈ। ਅਸਲ ਵਿਚ ਸਾਡਾ ਮਨ ਮਾਇਆ ਤੋਂ ਉਪਰ ਨਹੀਂ ਉਠ ਸਕਦਾ ਤੇ ਸਾਡੀਆਂ ਅਰਦਾਸਾਂ ਵਿਚ ਨਿਗੂਣੀਆਂ ਮੰਗਾਂ ਦੀ ਭਰਮਾਰ ਹੁੰਦੀ ਹੈ, "ਰੱਬਾ! ਸਾਨੂੰ ਔਹ ਦੇਹ, ਸਾਨੂੰ ਔਹ ਦੇਹ!" ਸਾਡੀ ਹਾਲਤ ਬਿਲਕੁਲ ਉਸ ਭੁੱਖੇ ਭਿਖਾਰੀ ਵਰਗੀ ਹੁੰਦੀ ਹੈ ਜਿਸ ਤੇ ਇਕ ਰਾਜਾ

*ਮਸਨਵੀ ਮੌਲਾਨਾ ਰੂਮ :

"ਤੂੰ ਬਰਾਏ ਵਸਲ ਕਰਦਨ ਆਮਦੀ, ਨੈ ਬਰਾਏ ਫ਼ਸਲ ਕਰਦਨ ਆਮਦੀ, ਬੰਦਾਇ ਮਾ ਰਾ ਜ਼ਮਾ ਕਰਦੀ ਜੁਦਾ..."



www.AKJ.Org

ਪ੍ਰਸੰਨ ਹੋ ਗਿਆ ਤੇ ਕਹਿਣ ਲੱਗਾ, "ਕੁਝ ਮੰਗ ਲੈ।" ਭਿਖਾਰੀ ਆਪਣੀ ਭੁੱਖ ਤੋਂ ਉੱਪਰ ਨਾ ਉੱਠ ਸਕਿਆ ਤੇ ਕਹਿਣ ਲੱਗਾ, "ਮਹਾਰਾਜ, ਇਕ ਪਰਾਤ ਹਲਵੇ ਦੀ ਬਖਸ਼ ਦਿਉ।" ਇਹੀ ਹਾਲਤ ਸਾਡੀ ਹੈ। ਅਰਦਾਸ ਕਰਨ ਲਗਿਆਂ ਉਸ ਸੱਚੇ ਪ੍ਰਾਤਸ਼ਾਹ ਤੋਂ ਅਸੀਂ ਕੇਵਲ ਕੋਝੀਆਂ ਮੰਗਾਂ ਹੀ ਮੰਗਦੇ ਰਹਿੰਦੇ ਹਾਂ। ਕਾਰਨ ਇਹ ਹੈ, ਕਿ ਸਾਡੇ ਅੰਦਰ ਉਚੇਰਿਆਂ ਵੇਖਣ ਦੀ 'ਨਦਰ' ਨਹੀਂ ਹੁੰਦੀ।

ਮਾ: ਤਾਰਾ ਸਿੰਘ ਜੀ "ਕਿਉਂ ਵਰਨੀਂ ਕਿਵ ਜਾਣਾ" ਵਿਚ ਲਿਖਦੇ ਹਨ: "ਜਦ ਮੈਂ ਆਪਣੀ ਨਦਰ ਨਾਲ ਵੇਖਦਾ ਹਾਂ, ਤਾਂ ਮੇਰੀ ਅਰਦਾਸ ਮਨੋਕਾਮਨਾ ਦੀ ਪੂਰਤੀ ਲਈ ਹੁੰਦੀ ਹੈ। ਮੈਂ ਸਦਾ ਮੰਗਦਾ ਹਾਂ, ਅੱਜ ਇਹ, ਕਲ੍ਹ ਉਹ! ...ਪਰ ਜੇ ਸਭ ਕੁਝ ਦੇਂਦੇ ਹੋਏ, ਆਪਣੀ 'ਨਦਰ' ਭੀ ਨਾਲ ਦੇ ਦੇਵੇ ਤਾਂ ਹੋਰ ਕਿਸੇ ਵਸਤੂ ਦੀ ਲੋੜ ਹੀ ਨਹੀਂ ਰਹੇਗੀ ਤੇ ਨਾ ਹੀ ਇਹ ਨਿਤ ਮੰਗਣ ਦੀ ਸਿਰਦਰਦੀ।

"ਮੈਂ ਸਦਾ ਇਹ ਚਾਹੁੰਦਾ ਹਾਂ ਕਿ ਸਦਾ ਮੇਰੀ ਮਰਜ਼ੀ ਚਲੇ। ਅਰਦਾਸ ਨਾਲ ਮੈਂ ਤੇਰੀ ਸ਼ਕਤੀ ਨੂੰ ਆਪਣੀ ਮਰਜ਼ੀ ਲਈ ਵਰਤਣਾ ਚਾਹੁੰਦਾ ਹਾਂ। ਜੇ ਇਹ ਅਰਦਾਸਾਂ ਪੂਰੀਆਂ ਕਰ ਦਏਂ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਤੇਰੀ ਸ਼ਕਤੀ ਮੇਰੀ ਮਰਜ਼ੀ ਨਾਲ ਕੰਮ ਕਰੇਗੀ। ਦੂਜੇ ਭਾਵ ਵਿਚ, ਮੈਂ ਇਕ ਖ਼ੁਦਾ ਹੋਵਾਂਗਾ ਜਿਸ ਦੀ ਸ਼ਕਤੀ ਤਾਂ ਖ਼ੁਦਾ ਵਾਲੀ ਹੋਵੇਗੀ, ਪਰ ਨੀਯਤ ਬੰਦੇ ਵਾਲੀ। ਇਸੇ ਨੀਯਤ ਦੇ ਕਾਰਨ ਇਹ ਸ਼ਕਤੀ ਕਿਸੇ ਨੂੰ ਅਧੀਨ ਕਰਨ ਲਈ ਵਰਤਣਾ ਚਾਹਾਂਗਾ, ਪਰ ਖ਼ੁਦਾ ਹੋਣ ਦੀ ਸੂਰਤ ਵਿਚ ਤਾਂ ਕੋਈ ਵਿਅਕਤੀ ਅਜਿਹਾ ਨਹੀਂ ਰਹਿਣਾ ਜੋ ਮੇਰੇ ਅਧੀਨ ਨਾ ਹੋਵੇ। ਸੋ ਆਖ਼ਿਰ ਮੈਨੂੰ ਰੱਬ ਵਾਲੀ ਨੀਯਤ ਵੀ ਵਰਤਣੀ ਪਵੇਗੀ। ਜਦ ਨੀਯਤ ਤੇ ਸ਼ਕਤੀ ਦੋਵੇਂ ਰੱਬ ਵਰਗੀਆਂ ਹੀ ਚਾਹੀਦੀਆਂ ਨੇਂ ਤਾਂ ਠੀਕ ਅਰਦਾਸ ਤਾਂ ਇਹ ਹੈ, 'ਕਿ ਮੈਂ ਆਪਣਾ ਆਪ ਬਣਾ ਦੇਹ ਯਾ ਦੂਜੇ ਸ਼ਬਦਾਂ ਵਿਚ, ਮੈਨੂੰ ਆਪਣੇ ਆਪ ਵਿਚ ਅਭੇਦ ਕਰ ਦੇਹ' :—

ਵਿਣੁ ਤੁਧੁ ਹੋਰੁ ਜਿ ਮੰਗਣਾ, ਸਿਰ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ, ਉਤਰੈ ਮਨ ਕੀ ਭੁਖ ॥੨॥੩॥(ਰਾਮਕਲੀ ਕੀ,ਵਾਰ, ਮ: ੫—੯੫੭-੫੮)

ਪਰ ਅਸੀਂ ਮਨ ਦੀ ਭੁਖ ਲਾਹੁਣ ਲਈ ਕਦੇ ਅਰਦਾਸ ਨਹੀਂ ਕਰਦੇ, ਅਸੀਂ ਸਦਾ ਤਨ ਦੀ ਭੁੱਖ ਮਿਟਾਣ ਲਈ ਤਨ ਦੀਆਂ ਲੋੜਾਂ ਲਈ ਹਾੜੇ ਕੱਢਦੇ ਰਹਿੰਦੇ ਹਾਂ। ਅਸਲ ਵਿਚ ਅਸੀਂ ਇਕ ਅਟੁਟ ਕਾਰਨ ਦੀ ਸਰਨ ਨਹੀਂ ਲੈਂਦੇ, ਸਿਰਫ਼ ਬੱਚਿਆਂ ਦੇ ਲਾਡ ਲਡਾਣ ਵਾਲਾ ਰੱਬ ਰਚ ਲੈਂਦੇ ਹਾਂ। ਲੋੜ ਪਏ ਤਾਂ ਉਸ ਨੂੰ ਮੁਨਸਫ਼ ਮੰਨ ਲੈਂਦੇ ਹਾਂ ਤੇ ਜੇ ਇਨਸਾਫ਼ ਵਿਚ ਘਾਟਾ ਵੇਖੀਏ ਤਾਂ ਉਸ ਨੂੰ ਬਖ਼ਸ਼ਿੰਦ ਕਹਿ ਦਿੰਦੇ ਹਾਂ। ਇਹ ਸਿਦਕੋਂ ਟੁੱਟੇ ਹੋਣ ਦੀ ਨਿਸ਼ਾਨੀ ਹੈ, ਇਹੋ ਕਾਰਨ ਹੈ, ਸਾਡੀਆਂ ਬਹੁਤੀਆਂ ਅਰਦਾਸਾਂ ਦਾ ਅਸਰ ਘੱਟ ਹੁੰਦਾ ਹੈ। ਸਪਰਜਨ ਨੇ ਕਿਹਾ ਹੈ: "*ਦਰਗਾਹ ਵਿਚ ਅਰਦਾਸਾਂ ਸਿਦਕ ਦੇ ਹਿਸਾਬ ਨਾਲ ਸੁਣੀਆਂ ਜਾਂਦੀਆਂ ਹਨ। ਥੋੜੇ ਜਿਹੇ ਸਿਦਕ ਨਾਲ ਬੜੀ ਦਯਾ ਪ੍ਰਾਪਤ ਹੁੰਦੀ ਹੈ, ਤੇ ਬਹੁਤੇ ਸਿਦਕ ਦਾ ਤਾਂ ਕਹਿਣਾ ਹੀ ਕੀ?"

ਅਰਦਾਸ ਕਰਨ ਲਗਿਆਂ ਈਸ਼ਵਰ ਦੀ ਹਸਤੀ ਦਾ ਵਿਸ਼ਵਾਸ ਹੋਵੇ, ਤਾਂ ਨਾਪਾਕ ਇਰਾਦਿਆਂ ਦੀ ਪ੍ਰਾਪਤੀ, ਕੁਟਲਤਾ ਭਰੀਆਂ ਚਾਲਾਂ ਦੀ ਸਫਲਤਾ ਤੇ ਚੋਰੀਆਂ ਦੇ ਛੁਪਾਉਣ ਲਈ ਅਰਦਾਸਾਂ ਕਿਸ ਤਰ੍ਹਾਂ ਹੋ ਸਕਦੀਆਂ ਹਨ? ਅਕਾਲ ਪੁਰਖ ਦੀ ਦਰਗਾਹ ਵਿਚ ਗ਼ਲਤੀਆਂ ਮਾਫ਼ ਹੋ ਸਕਦੀਆਂ ਹਨ, ਪਰ ਕਪਟ ਨੂੰ ਕੋਈ ਥਾਂ ਨਹੀਂ :—

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ, ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ, ਤਿਨਾ ਰੋਇ ਕੀਆ ਕੀਜੈ ? ੪॥੧੧॥੧੮॥
(ਆਸਾ ਮ: ੪—੪੫੦)

ਇਕ ਨਿੱਕੀ ਜਿਹੀ ਕਹਾਣੀ ਤੁਸਾਂ ਆਮ ਸੁਣੀ ਏ: ਕੋਈ ਇਕ ਜੱਟ ਸੀ, ਜਦ ਉਹ ਆਪਣੀ ਗਾਂ ਚੋਣ ਲਗਦਾ ਤਾਂ ਗਵਾਂਢੀ ਦਾ ਖੋਤਾ ਹੀਂਗ ਪੈਂਦਾ। ਗਾਂ ਛਹਿੜ ਜਾਂਦੀ ਤੇ ਦੁੱਧ ਨਾ ਦੇਂਦੀ। ਉਹ ਨਿੱਤ ਅਰਦਾਸਾਂ

*Prayers are heard in heaven, very much in proportion to our faith. Little faith will get great mercies, but great faith still stronger. —Spurgeon



www.AKJ.Org

ਕਰਦਾ, "ਹੇ ਰੱਬਾ ! ਮੇਰੇ ਗਵਾਂਢੀ ਦਾ ਖੋਤਾ ਮਰ ਜਾਏ।" ਦੇਵਨੇਤ, ਕੁਝ ਦਿਨਾਂ ਨੂੰ ਉਸ ਦੀ ਗਾਂ ਮਰ ਗਈ। ਉਸ ਨੂੰ ਬੜਾ ਕ੍ਰੋਧ ਆਇਆ। ਕਹਿਣ ਲੱਗਾ, "ਹੇ ਰੱਬਾ, ਉਮਰਾਂ ਹੋ ਗਈਆਂ ਤੈਨੂੰ ਦੁਨੀਆ ਤੇ ਰਾਜ ਕਰਦਿਆਂ, ਪਰ ਅਜੇ ਤਕ ਤੈਨੂੰ ਗਾਂ ਤੇ ਖੋਤੇ ਵਿਚ ਫ਼ਰਕ ਨਹੀਂ ਪਤਾ ਲੱਗਾ।"

ਅਸਲ ਵਿਚ ਜਿਵੇਂ ਬਾਲਕ ਅੱਗ ਵਿਚ ਹੱਥ ਪਾਣ ਲੱਗੇ ਤਾਂ ਮਾਂ ਚਪੇੜ ਕੱਢ ਮਾਰਦੀ ਹੈ, ਉਸ ਤਰ੍ਹਾਂ ਜਦ ਗੁਮਰਾਹ ਮਨੁੱਖ ਕਪਟ ਦੀ ਅੱਗ ਵਿਚ ਹੱਥ ਪਾਣ ਲੱਗਦਾ ਹੈ ਤਾਂ ਅਕਾਲ ਪੁਰਖ ਦਾ ਮੇਹਰ ਭਰਿਆ ਹੱਥ, ਕਹਿਰ ਬਣ ਕੇ ਉਸ ਨੂੰ ਬਚਾਂਦਾ ਹੈ। ਇਸ ਕਹਿਰ ਵਿਚ ਵੀ ਮੇਹਰ ਭੇਦ ਵਾਂਗ ਲੁਕੀ ਹੁੰਦੀ ਹੈ ਤੇ ਬਿਲਕੁਲ ਮਾਂ ਦੀ ਮੇਹਰ ਵਾਂਗੂ ਹੁੰਦੀ ਹੈ, ਜੋ ਚਪੇੜ ਮਾਰਨ ਤੋਂ ਬਾਅਦ ਬਾਲਕ ਨੂੰ ਗਲ ਨਾਲ ਲਾ ਲੈਂਦੀ ਹੈ–

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥੨॥੬੨॥ (ਸੋਰਠ ਮ: ੫–੬੨੪)

ਪਰ ਬਜਾਏ ਇਸ ਸਜ਼ਾ ਨੂੰ ਮੇਹਰ ਸਮਝ ਕੇ ਸ਼ੁਕਰ ਕਰਨ ਦੇ, ਅਸੀਂ ਨਾਲਾਇਕ ਬਾਲਕ ਵਾਂਗੂ ਚੀਕ ਚਿਹਾੜਾ ਪਾ ਦੇਂਦੇ ਹਾਂ ਤੇ ਮੇਹਰਾਂ ਦੇ ਦਾਤੇ ਰੱਬ ਨੂੰ ਕੋਸਣ ਤੇ ਉਤਰ ਆਉਂਦੇ ਹਾਂ। ਰੱਬ ਨਾਲ ਗੁੱਸੇ ਹੋਇਆ ਕਵੀ ਇਸ ਤਰ੍ਹਾਂ ਰੱਬ ਨੂੰ ਕੋਸਦਾ ਹੈ, ਉਹ ਕਹਿੰਦਾ ਹੈ :–

"ਸਰਬ ਸ਼ਕਤੀਮਾਨ ਪਰਮੇਸ਼ਰ ਕਹਾਵਣ ਵਾਲਿਆ,
ਰਹਿਮ ਦੇ ਬੁਰਕੇ ਦੇ ਵਿਚ ਅੰਨ੍ਹੀ ਮਚਾਵਣ ਵਾਲਿਆ,
ਬਾਨੀਆ ਕਤਲਾਂ ਦਿਆ, ਡਾਕੇ ਪੁਆਵਣ ਵਾਲਿਆ,
ਅਧਮੀਟੀਆਂ ਕਲੀਆਂ ਨੂੰ ਮਿੱਟੀ ਵਿਚ ਮਿਲਾਵਣ ਵਾਲਿਆ,
ਸੰਗ-ਦਿਲੀ ਦਾ ਤੇਰੇ ਸਿਰ ਇਲਜ਼ਾਮ ਅੱਜ ਧਰਦਾ ਹਾਂ ਮੈਂ,
ਤੈਥੋਂ ਬਾਗ਼ੀ ਹੋਣ ਦਾ ਐਲਾਨ ਅਜ ਕਰਦਾ ਹਾਂ ਮੈਂ !"

ਪਰ ਅਜਿਹੇ ਵਾਵੇਲੇ ਤੇ ਰੌਲੇ-ਗੌਲੇ ਦਾ ਕੋਈ ਲਾਭ ਨਹੀਂ, ਕਿਉਂਕਿ :—

ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥੩॥੨੨॥ (ਆਸਾ ਦੀ ਵਾਰ, ਮ: ੨–੪੭੪)

ਅਜਿਹੇ ਵੇਲੇ ਵੀ ਕੇਵਲ ਅਰਦਾਸ ਹੀ ਸਾਨੂੰ ਨਾ-ਸ਼ੁਕਰੇ ਹੋਣ ਤੋਂ ਬਚਾਅ ਸਕਦੀ ਹੈ। ਤੇ ਕੇਵਲ ਅਰਦਾਸ ਦੀ ਸਹਾਇਤਾ ਨਾਲ ਹੀ ਅਸੀਂ ਉਸ ਕਹਿਰ ਨੂੰ ਮੇਹਰ ਸਮਝਣ ਵਿਚ ਸਮਰੱਥ ਹੋ ਸਕਦੇ ਹਾਂ।

ਸਾਡੀਆਂ ਅਰਦਾਸਾਂ ਵਿਚ ਇਕ ਹੋਰ ਵੀ ਵੱਡੀ ਘਾਟ ਹੁੰਦੀ ਹੈ। ਉਹ ਇਹ ਕਿ ਅਸੀਂ ਸਦਾ ਸੌਖੇ ਜੀਵਨ ਲਈ ਅਰਦਾਸਾਂ ਕਰਦੇ ਹਾਂ। ਤੁਸੀਂ ਹਰ ਰੋਜ਼ ਕਿਤਨੀਆਂ ਅਰਦਾਸਾਂ ਸੁਣਦੇ ਹੋ, "ਸੱਚੇ ਪਾਤਸ਼ਾਹ ! ਫਲਾਣੇ ਫਲਾਣੇ ਨੂੰ ਦੇਹ-ਅਰੋਗਤਾ ਬਖਸ਼ੀਂ।" ਕਿਸੇ ਨੂੰ ਇਹ ਅਰਦਾਸ ਕਰਦਿਆਂ ਘੱਟ ਹੀ ਸੁਣਿਆ ਹੋਵੇਗਾ, "ਸੱਚੇ ਪਾਤਸ਼ਾਹ, ਦੁੱਖ ਬਖਸ਼ਿਆ ਈ, ਦੁੱਖ ਜਰਨ ਦਾ ਬਲ ਵੀ ਦੇਹ !" ਸਭ ਇਹੋ ਹੀ ਅਰਦਾਸਾਂ ਕਰਦੇ ਹਨ, "ਸੱਚੇ ਪਾਤਸ਼ਾਹ, ਦੁੱਖ ਕੱਟ !" *ਇਕ ਅੰਗਰੇਜ਼ ਮਹਾਤਮਾ ਦਾ ਕਥਨ ਹੈ, "ਇਹ ਅਰਦਾਸ ਨਾ ਕਰੋ, ਕਿ ਰੱਬਾ ਮੇਰਾ ਜੀਵਨ ਸੁਖਾਲਾ ਕਰ, ਸਗੋਂ ਇਹ ਅਰਦਾਸ ਕਰੋ ਕਿ ਰੱਬਾ ਮੈਨੂੰ ਤਕੜਾ ਇਨਸਾਨ ਬਣਾ।" ਜਦ ਅਸੀਂ ਦੁੱਖ ਜਰਨ ਦਾ ਬਲ ਮੰਗਣ ਲਈ ਅਰਦਾਸ ਕਰਾਂਗੇ ਤਾਂ ਦੁੱਖ, ਦੁੱਖ ਨਹੀਂ ਜਾਪੇਗਾ, ਸਗੋਂ ਸੁੱਖ ਹੋ ਹੋ ਲਗੇਗਾ।

ਦੁਖੁ ਦਾਰੂ, ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥੧॥੧੨॥(ਆਸਾ ਦੀ ਵਾਰ,ਸਲੋਕੁ ਮ:੧–੪੬੯)

ਅਸਲ ਵਿਚ ਜੇ ਸਿਦਕ ਨਾਲ ਅਰਦਾਸ ਕੀਤੀ ਜਾਏ ਤਾਂ ਸਰੀਰਕ ਤੇ ਮਾਨਸਿਕ ਰੋਗ ਵੀ ਨੇੜੇ ਨਹੀਂ ਆ ਸਕਦੇ।

ਅਰਦਾਸ ਨਾ-ਕੇਵਲ ਸਰੀਰਕ ਅਤੇ ਮਾਨਸਿਕ ਰੋਗਾਂ ਦਾ ਹੀ ਦਾਰੂ ਹੈ, ਸਗੋਂ ਆਤਮਕ ਉੱਨਤੀ ਵਿਚ ਵੀ ਸਹਾਇਕ ਹੁੰਦੀ ਹੈ। ਭਗਤੀ ਮਾਰਗ ਵਿਚ ਜੋ ਆਸਰਾ ਅਰਦਾਸ ਨਾਲ ਮਿਲਦਾ ਹੈ, ਉਹ ਕਿਸੇ ਹੋਰ ਸਾਧਨ ਨਾਲ

*Do not pray for easy lives. Pray to de strouger man. —Philips Brooks



www.AKJ.Org

ਨਹੀਂ ਮਿਲ ਸਕਦਾ। ਸਿਮਰਨ ਅਤੇ ਗਿਆਨ ਦੀ ਟੇਕ ਵੀ ਅਰਦਾਸ ਤੇ ਹੀ ਹੈ। ਅਰਦਾਸ ਨਾਲ ਇਨ੍ਹਾਂ ਦਾ ਜੋ ਸੰਬੰਧ ਹੈ, ਉਸ ਬਾਰੇ ਸ: ਰਘਬੀਰ ਸਿੰਘ ਬੀਰ ਇਉਂ ਲਿਖਦੇ ਹਨ :–

"ਜਿਸ ਤਰ੍ਹਾਂ ਕਰਮ-ਯੋਗ ਤੇ ਗਿਆਨ-ਯੋਗ ਅਸਲ ਵਿਚ ਇਕੋ ਜੀਵਨ ਦੇ ਵਖੋ-ਵਖਰੇ ਪਹਿਲੂ ਹਨ, ਉਸ ਤਰ੍ਹਾਂ ਅਰਦਾਸ, ਸਿਮਰਨ ਤੇ ਗਿਆਨ ਅਸਲ ਵਿਚ ਅਭਿਆਸ ਦੇ ਤਿੰਨ ਅਲਹਿਦਾ ਅਲਹਿਦਾ ਸਰੂਪ ਹਨ। ਅਰਦਾਸ ਤੋਂ ਸਿਮਰਨ ਵਧਦਾ ਤੇ ਪਰਪੱਕ ਹੁੰਦਾ ਹੈ, ਸਿਮਰਨ ਤੋਂ ਗਿਆਨ ਉਪਜਦਾ ਹੈ, ਗਿਆਨ ਵੱਧਣ ਨਾਲ ਅਰਦਾਸ ਸ਼ੁੱਧ ਤੇ ਉਚੇਰੀ ਹੁੰਦੀ ਜਾਂਦੀ ਹੈ। ਅਰਦਾਸ ਦੇ ਸ਼ੁੱਧ ਹੋਣ ਨਾਲ ਸਿਮਰਨ ਦ੍ਰਿੜ੍ਹ ਹੁੰਦਾ ਹੈ, ਸਿਮਰਨ ਦੇ ਦ੍ਰਿੜ੍ਹ ਹੋਣ ਨਾਲ ਸੂਖਸ਼ਮ ਗਿਆਨ ਪ੍ਰਾਪਤ ਕਰਨ ਵਿਚ ਸਹਾਇਤਾ ਮਿਲਦੀ ਹੈ। ਅਰਦਾਸ, ਸਿਮਰਨ, ਗਿਆਨ, ਇਕ ਦੂਜੇ ਤੇ ਅਸਰ ਪਾਂਦੇ ਹਨ ਤੇ ਇਕ ਦੂਜੇ ਦੀ ਮਦਦ ਕਰਦੇ ਹਨ।...ਜਦ ਮੇਰੇ ਅੰਦਰੋਂ ਬਿਹਬਲਤਾ ਦੀਆਂ ਅਰਦਾਸਾਂ ਨਿਕਲਣ, ਮੈਂ ਉਨ੍ਹਾਂ ਦਾ ਅਸਰ ਸਿਮਰਨ ਵਿਚ ਤਰੱਕੀ ਵੇਖੀ ਹੈ। ਜਦ ਸਿਮਰਨ ਵਲ ਜ਼ਿਆਦਾ ਦਿਲ ਲਗੇ ਤਾਂ ਗਿਆਨ ਦੇ ਖ਼ਿਆਲ ਜਾਂ Flashes ਆਉਂਦੇ ਰਹੇ ਹਨ। ਅਰਦਾਸ, ਸਿਮਰਨ ਤੇ ਗਿਆਨ ਆਪਸ ਵਿਚ ਇਕ ਦੂਜੇ ਤੇ ਅਸਰ ਕਰਦੇ, ਬਿਰਤੀ ਨੂੰ ਉਚੇਰੇ ਮੰਡਲਾਂ ਵਿਚ ਲਿਆਉਣ ਦਾ ਕਾਰਨ ਦੇਖੇ ਗਏ ਹਨ।"

**ਇਤਿਹਾਸਕ ਪਿਛਵਾੜਾ–**

ਅਰਦਾਸੇ ਦੀ ਸਿੱਖ ਮੱਤ ਵਿਚ ਇਕ ਨਵੇਕਲੀ ਹੀ ਥਾਂ ਹੈ। ਕੋਈ ਰਸਮ ਵੀ ਭਾਵੇਂ ਉਹ ਧਾਰਮਕ ਹੋਵੇ, ਭਾਵੇਂ ਦੁਨਿਆਵੀ, ਅਰਦਾਸ ਤੋਂ ਬਿਨਾਂ ਮੁਕੰਮਲ ਨਹੀਂ ਸਮਝੀ ਜਾਂਦੀ। ਸਫ਼ਰ ਜਾਣ ਵੇਲੇ, ਹੱਟੀ ਖੋਲ੍ਹਣ ਸਮੇਂ, ਨਵੇਂ ਘਰ ਵਿਚ ਪਰਵੇਸ਼ ਕਰਨ ਲਗਿਆਂ, ਸਿੱਖ ਸਦਾ ਅਰਦਾਸਾ ਸੋਧਦਾ ਹੈ। ਜੇ ਹੋ ਸਕੇ ਤਾਂ ਉਹ ਕੀਰਤਨ ਵੀ ਕਰਵਾਂਦਾ ਹੈ ਤੇ ਗੁਰਵਾਕ ਰਾਹੀਂ ਹੁਕਮ ਵੀ ਸੁਣਦਾ ਹੈ, ਪਰ ਉਹ ਅਰਦਾਸ ਨੂੰ ਕਦੇ ਨਜ਼ਰ-ਅੰਦਾਜ਼ ਨਹੀਂ ਕਰਦਾ, ਕਿਉਂਕਿ ਉਸ ਦਾ ਆਸ਼ਾ ਹੈ :–

ਕੀਤਾ ਲੋੜੀਐ ਕੰਮੁ, ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥੨੦॥ (ਸਿਰੀ ਰਾਗ ਵਾਰ ਮ: ੪–੯੧)

ਅਰਦਾਸ ਦਾ ਰਿਵਾਜ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੁੰਦਾ ਹੈ। ਬਾਬਾ ਨਾਨਕ ਜੀ ਜਦ ਇਕ ਵਾਰੀ ਤਲਵੰਡੀ ਤੋਂ ਸੁਲਤਾਨਪੁਰ ਜਾਣ ਲਈ ਤਿਆਰ ਹੋਏ, ਤਾਂ ਰਾਏ ਬੁਲਾਰ ਨੇ ਉਨ੍ਹਾਂ ਨੂੰ ਸੱਦਾ-ਪੱਤਰ ਘਲ ਕੇ ਆਪਣੇ ਘਰ ਪ੍ਰੀਤੀ-ਭੋਜਨ ਅਤੇ ਬਚਨ-ਬਿਲਾਸ ਲਈ ਬੁਲਾਇਆ। ਜਦ ਬਾਬਾ ਜੀ ਉਸ ਪਾਸੋਂ ਵਿਦਾ ਹੋਣ ਲਗੇ ਤਾਂ ਰਾਏ ਬੁਲਾਰ ਨੇ ਪੁਛਿਆ, "ਸ੍ਰੀ ਨਾਨਕ ਜੀ, ਤੁਸੀਂ ਹੁਣ ਸੁਲਤਾਨਪੁਰ ਜਾ ਰਹੇ ਹੋ, ਪਤਾ ਨਹੀਂ ਮੁੜ ਕਦੋਂ ਦਰਸ਼ਨ ਹੋਣ, ਇਸ ਲਈ ਕੋਈ ਉਪਦੇਸ਼ ਕਰ ਜਾਓ।" ਬਾਬਾ ਜੀ ਨੇ ਉਸ ਦਾ ਪ੍ਰੇਮ ਵੇਖ ਕੇ ਉੱਤਰ ਦਿਤਾ, "ਰਾਇ ਜੀ ! ਸਾਡੀ ਸਿਖਿਆ ਇਹੀ ਹੈ ਕਿ ਜਦ ਤੁਹਾਡਾ ਬਲ ਕੰਮ ਨਾ ਕਰੇ ਤਾਂ ਦੋਵੇਂ ਹੱਥ ਜੋੜ ਕੇ ਵਾਹਿਗੁਰੂ ਦੀ ਸ਼ਰਨੀ ਪੈ ਜਾਣਾ ਤੇ ਅਰਦਾਸ ਕਰਨੀ।"

ਮੁਹਸਨ ਫ਼ਾਨੀ ਨੇ ਲਿਖਿਆ ਹੈ ਕਿ ਜਦ ਕਦੇ ਕਿਸੇ ਸਿੱਖ ਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਸੀ ਤਾਂ ਗੁਰੂ ਕੇ ਦਰਬਾਰ ਵਿਚ ਹਾਜ਼ਰ ਹੋ ਕੇ ਸਿੱਖ ਸੰਗਤ ਪਾਸੋਂ ਅਰਦਾਸ ਕਰਾਉਂਦਾ ਸੀ।

ਦਸਮ ਪਾਤਸ਼ਾਹ ਤਕ ਇਹੋ ਮਰਯਾਦਾ ਕਾਇਮ ਰਹੀ। ਜਦ ਬਾਬਾ ਬੰਦਾ ਬਹਾਦਰ ਨੇ ਪੰਜਾਬ ਵਲ ਚੜ੍ਹਾਈ ਕੀਤੀ ਤਾਂ ਮਹਾਰਾਜ ਨੇ ਉਸ ਨੂੰ ਹੁਕਮ ਕੀਤਾ, "ਜਦ ਕੋਈ ਭੀੜ ਬਣੇ, ਪੰਜਾਂ ਸਿੰਘਾਂ ਨੂੰ ਨਾਲ ਲੈ ਕੇ ਅਰਦਾਸ ਕਰਨੀ।"

ਦਸਮ ਪਾਤਸਾਹ ਤੋਂ ਮਗਰੋਂ ਅਰਦਾਸ ਖਾਲਸਾ ਜੀ ਦੀ ਰਵਾਇਤ ਵਿਚ ਸ਼ਾਮਲ ਹੋ ਗਈ। ਸਿੱਖ ਇਤਿਹਾਸ ਦਾ ਹਰ ਸਾਕਾ ਅਰਦਾਸ ਦੀਆਂ ਨੀਹਾਂ ਤੇ ਖੜੋਤਾ ਹੈ। ਮਿਸਲਾਂ ਦੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸ: ਜੱਸਾ ਸਿੰਘ ਰਾਮਗੜ੍ਹੀਆ ਦੀ ਆਹਲੂਵਾਲੀਆ ਮਿਸਲ ਨਾਲ ਕੁਝ ਵਿਗੜ ਗਈ। ਉਹ ਪੰਜਾਬ ਛੱਡ ਕੇ ਬਾਂਗਰ ਵਲ ਚਲੇ ਗਏ। ਪ੍ਰਦੇਸ ਵਿਚ ਉਹਨਾਂ ਨੂੰ ਬਹੁਤ ਤੰਗੀ ਆ ਗਈ। ਇਸ ਪਰ ਸਰਦਾਰ ਜੀ ਨੇ ਅਰਦਾਸ ਕੀਤੀ।



www.AKJ.Org

ਖੂਹ ਵਿਚੋਂ ਪਾਣੀ ਕੱਢਣ ਲਗੇ ਤਾਂ ਵਿਚੋਂ ਮੋਹਰਾਂ ਨਿਕਲ ਆਈਆਂ–ਤੰਗੀ ਦੂਰ ਹੋਈ।*

ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਖ਼ਾਲਸਾ ਫ਼ੌਜ ਅਗੇ ਵਧ ਰਹੀ ਸੀ। ਰਸਤੇ ਵਿਚ ਅਟਕ ਨੂੰ ਪਾਰ ਕਰਨਾ ਸੀ। ਜਦ ਉਥੇ ਪਹੁੰਚੇ ਤਾਂ ਵੇਖਿਆ ਕਿ ਅਟਕ ਬਹੁਤ ਚੜ੍ਹਿਆ ਹੋਇਆ ਹੈ ਤੇ ਫ਼ੌਜ ਦਾ ਪਾਰ ਲੰਘਣਾ ਕਠਨ ਹੀ ਨਹੀਂ, ਨਾਮੁਮਕਿਨ ਹੈ। ਮਹਾਰਾਜਾ ਜੀ ਨੇ ਘੋੜੇ ਤੋਂ ਉਤਰ ਕੇ ਗਲ ਵਿਚ ਪੱਲਾ ਪਾ ਕੇ ਅਰਦਾਸ ਕੀਤੀ, ਤੇ ਫਿਰ ਕਿਹਾ : ਜਾ ਕੇ ਮਨ ਮੈਂ ਅਟਕ ਹੈ, ਤਾ ਕੋ ਅਟਕ ਰਹੇ।

ਤੇ ਇਸ ਤੋਂ ਬਾਅਦ ਫ਼ੌਜਾਂ ਨੂੰ ਘੋੜੇ ਦਰਿਆ ਵਿਚ ਸੁਟ ਦੇਣ ਦਾ ਹੁਕਮ ਕਰ ਦਿੱਤਾ। ਕਹਿੰਦੇ ਹਨ, ਸਾਰੀ ਫ਼ੌਜ ਸਹੀ ਸਲਾਮਤ ਪਾਰ ਲਗ ਗਈ।‡

ਕਈ ਅੰਗਰੇਜ਼ ਲਿਖਾਰੀ ਲਿਖਦੇ ਹਨ ਕਿ ਉਦੋਂ ਉਪਰ ਪਹਾੜਾਂ ਤੇ ਇਕ ਗਲੇਸ਼ੀਅਰ (ਬਰਫ਼ਾਨੀ ਤੋਦਾ) ਡਿਗ ਪਿਆ ਸੀ ਤੇ ਕੁਝ ਚਿਰ ਲਈ ਦਰਿਆ ਦਾ ਵਹਾ ਰੋਕ ਲਿਆ ਤੇ ਫ਼ੌਜਾਂ ਲੰਘ ਗਈਆਂ।

ਜਦੋਂ ਸ਼ੇਰੇ-ਪੰਜਾਬ ਨੇ ਨੁਸ਼ਹਿਰੇ ਦੀ ਜੰਗ ਲਈ ਚੜ੍ਹਾਈ ਕੀਤੀ ਤਾਂ ਅਗਲੇ ਦਸਤੇ ਦੀ ਕਮਾਨ ਅਕਾਲੀ ਫੂਲਾ ਸਿੰਘ ਜੀ ਕਰ ਰਹੇ ਹਨ। ਸ਼ੇਰੇ ਪੰਜਾਬ ਨੂੰ ਪਤਾ ਲਗਾ ਕਿ ਪਠਾਣੀ ਫ਼ੌਜ ਦੀ ਗਿਣਤੀ ਤੇ ਤਾਕਤ ਬਹੁਤ ਜ਼ਿਆਦਾ ਹੈ, ਇਸ ਲਈ ਉਨ੍ਹਾਂ ਨੇ ਹਮਲਾ ਮੁਲਤਵੀ ਕਰਨ ਦਾ ਖ਼ਿਆਲ ਕੀਤਾ। ਉਹ ਅਕਾਲੀ ਫੂਲਾ ਸਿੰਘ ਨੂੰ ਕਹਿਣ ਲੱਗੇ, "ਅਕਾਲੀ ਜੀ! ਅੱਗੇ ਖ਼ਤਰਾ ਬਹੁਤ ਹੈ, ਦੁਸ਼ਮਨ ਭਾਰੀ ਗਿਣਤੀ ਵਿਚ ਇਕੱਠਾ ਹੋਇਆ ਹੈ, ਤੁਸੀਂ ਅੱਗੇ ਨਾ ਵਧੋ।" ਅਕਾਲੀ ਜੀ ਨੇ ਉੱਤਰ ਦਿੱਤਾ, "ਅਸੀਂ ਅਰਦਾਸ ਸੋਧ ਚੁਕੇ ਹਾਂ, ਹੁਣ ਕਿਸੇ ਸੂਰਤ ਵੀ ਰੁਕ ਨਹੀਂ ਸਕਦੇ। ਫ਼ਤਹ ਤਾਂ ਗੁਰੂ ਜੀ ਨੇ ਬਖ਼ਸ਼ਣੀ ਹੈ।" ਇਹ ਹੈ ਮਿਸਾਲ ਉਸ ਭਰੋਸੇ ਦੀ, ਜੋ ਸਿੱਖ ਪੰਥ ਵਿਚ ਅਰਦਾਸ ਤੇ ਕੀਤਾ ਜਾਂਦਾ ਹੈ।

ਅਰਦਾਸ ਕਰਨ ਲਈ ਕਿਸੇ ਤਜਰਬੇਕਾਰ ਮਹੰਤ ਦੀ ਲੋੜ ਨਹੀਂ ਪੈਂਦੀ। ਹਰ ਬੁੱਢਾ, ਬੱਚਾ, ਇਸਤ੍ਰੀ, ਪੁਰਸ਼, ਅਮੀਰ, ਗਰੀਬ ਅਰਦਾਸ ਕਰ ਸਕਦਾ ਹੈ। ਇਕ ਨਿੱਕਾ ਜਿਹਾ ਬਾਲਕ ਵੀ ਸੌ ਸਿਆਣਿਆਂ ਦੇ ਜੁੜੇ ਇਕੱਠ ਵਿਚੋਂ ਅੱਗੇ ਵੱਧ ਕੇ ਅਰਦਾਸ ਕਰਨ ਦਾ ਭਾਗੀ ਹੈ। ਅਰਦਾਸ ਦੀ ਲੰਬਾਈ ਕੋਈ ਮੁਕੱਰਰ ਨਹੀਂ। ਇਹ ਦੋ ਸ਼ਬਦਾਂ ਵਿਚ ਵੀ ਹੋ ਸਕਦੀ ਹੈ ਤੇ ਬਿਨਾਂ ਬੋਲਿਆਂ ਵੀ। ਕਹਿੰਦੇ ਹਨ, ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਇਕ ਬੁੱਢੀ ਮਾਈ ਹਾਜ਼ਰ ਹੋਈ। ਗਲ ਵਿਚ ਪੱਲਾ ਪਾਈ, ਦੋਏ ਹੱਥ ਬੱਧੀ ਉਹ ਹਜ਼ੂਰ ਦੇ ਸਾਹਮਣੇ ਖਲੋ ਗਈ ਤੇ ਅੱਖਾਂ ਮੀਟ ਕੇ ਕਹਿਣ ਲੱਗੀ, "ਤੂੰ ਭੁਲੜ ਤੇ ਮੈਂ ਬਖ਼ਸ਼ਣਹਾਰ; ਤੂੰ ਦੀਨ ਤੇ ਮੈਂ ਦਿਆਲ; ਤੂੰ ਨਿਤਾਣਾ ਤੇ ਮੈਂ ਤੇਰਾ ਤਾਣ।"

ਚੌਰ-ਬਰਦਾਰ ਜੋ ਮਹਾਰਾਜ ਦੇ ਪਿੱਛੇ ਖੜਾ ਚੌਰ ਕਰ ਰਿਹਾ ਸੀ, ਕ੍ਰੋਧ ਵਿਚ ਆ ਕੇ ਕਹਿਣ ਲੱਗਾ, "ਓ ਮਾਈ, ਕੀ ਪਈ ਕਹਿਨੀ ਏਂ, ਕੁਝ ਹੋਸ਼ ਕਰ!" ਪਰ ਮਹਾਰਾਜ ਕਹਿਣ ਲੱਗੇ, "ਭਾਈ ਜੀ! ਮੈਂ ਮਾਈ ਦੇ ਮੂੰਹੋਂ ਨਿਕਲੇ ਸ਼ਬਦ ਨਹੀਂ ਸੁਣ ਰਿਹਾ, ਮੈਂ ਤਾਂ ਉਸ ਦਾ ਦਿਲ ਪੜ੍ਹ ਰਿਹਾ ਵਾਂ।"

ਘੋੜੇ ਤੇ ਚੜ੍ਹਨ ਲੱਗਿਆਂ, ਰਕਾਬ ਤੇ ਪੈਰ ਧਰ ਕੇ ਜੇ ਕੋਈ ਸੂਰਬੀਰ ਸਵਾਰ ਇਤਨਾ ਵੀ ਆਖ ਦੇਂਦਾ ਹੈ, "ਹੇ ਨੀਲੇ ਘੋੜੇ ਵਾਲਿਆ, ਆਪਣੇ ਦਾਸ ਦੀ ਸਹਾਇਤਾ ਕਰੀਂ", ਤਾਂ ਇਹ ਵੀ ਆਪਣੇ ਆਪ ਵਿਚ ਮੁਕੰਮਲ ਅਰਦਾਸ ਹੈ।

ਪਰ ਆਮ ਤੌਰ ਤੇ ਜੋ ਅਰਦਾਸ ਰਵਾਇਤੀ ਤੌਰ ਤੇ ਕੀਤੀ ਜਾਂਦੀ ਹੈ, ਤੇ ਜਿਸ ਨੇ ਅਨੇਕਾਂ ਇਤਿਹਾਸਕ ਅਦਲਾ-ਬਦਲੀਆਂ ਬਾਅਦ ਮੌਜੂਦਾ ਸ਼ਕਲ ਅਖ਼ਤਿਆਰ ਕੀਤੀ ਹੈ, ਉਹ ਚਾਰ ਅੰਗਾਂ ਦੀ ਸੰਯੁਕਤ ਹੈ :

(1) ਪਹਿਲਾ ਹਿੱਸਾ ਬਾਣੀ ਵਿਚ ਹੈ, ਜੋ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ੍ਰੀ ਮੁਖ ਵਾਕ ਹੈ।

(2) ਦੂਜਾ ਹਿੱਸਾ ਸੰਗੀਤਕ ਨਸਰ ਵਿਚ ਹੈ। ਇਸ ਭਾਗ ਵਿਚ ਸਿੱਖ ਇਤਿਹਾਸ ਦੇ ਮੁੱਖੀ ਸ਼ਹੀਦਾਂ, ਹਠੀਆਂ, ਤਪੀਆਂ ਆਦਿ ਦਾ ਅਤੇ ਸਿੱਖ ਨਿਸ਼ਾਨੇ ਦਾ ਸੰਖੇਪ ਤੌਰ ਤੇ ਜ਼ਿਕਰ ਹੈ।

---

*ਪੰਥ ਪ੍ਰਕਾਸ਼—ਰਤਨ ਸਿੰਘ ਭੰਗੂ। ‡ਜ਼ਫਰਨਾਮਾ—ਰੋਜ਼ਾਨਾਮਚਾ ਦੀਵਾਨ ਅਮਰ ਨਾਥ।



www.AKJ.Org

(3) ਤੀਸਰਾ ਹਿੱਸਾ ਬੇਨਤੀ ਦਾ ਹੈ। ਇਸ ਵਿਚ ਅਕਾਲ ਪੁਰਖ ਨੂੰ ਸੰਬੋਧਨ ਕਰ ਕੇ ਅਰਜ਼ੋਈ ਕੀਤੀ ਜਾਂਦੀ ਹੈ ਤੇ ਅਰਦਾਸ ਦਾ ਅਸਲੀ ਮਨੋਰਥ ਬਿਆਨ ਕੀਤਾ ਜਾਂਦਾ ਹੈ।

(4) ਚੌਥਾ ਹਿੱਸਾ ਅੰਤਿਕਾ ਹੈ। ਇਸ ਵਿਚ ਬੜੀ ਸੰਖੇਪਤਾ ਨਾਲ ਸਿੱਖ ਧਰਮ ਦੇ ਫ਼ਲਸਫ਼ੇ ਨੂੰ ਇਕ ਤੁਕ ਵਿਚ ਬੰਦ ਕੀਤਾ ਗਿਆ ਹੈ।

ਪਹਿਲੇ ਅਤੇ ਆਖ਼ਰੀ ਹਿੱਸੇ ਵਿਚ ਕੋਈ ਅਦਲਾ-ਬਦਲਾ ਨਹੀਂ ਕੀਤੀ ਜਾ ਸਕਦੀ; ਅਤੇ ਇਹ ਹਿੱਸੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਤੋਂ ਹੁਣ ਤਕ ਇਸੇ ਤਰ੍ਹਾਂ ਚਲੇ ਆ ਰਹੇ ਹਨ, ਤੇ ਇਹ ਹਿੱਸੇ ਇੰਨ ਬਿਨ ਅਸਲੀ ਰੂਪ ਵਿਚ ਪੜ੍ਹੇ ਜਾਣੇ ਚਾਹੀਦੇ ਹਨ। ਦੂਜੇ ਤੇ ਤੀਜੇ ਹਿੱਸੇ ਇਤਿਹਾਸ ਦੇ ਨਾਲ ਨਾਲ ਬਦਲਦੇ ਰਹੇ ਹਨ, ਤੇ ਹੁਣ ਵੀ ਲੋੜ ਅਨੁਸਾਰ ਵਧਾਏ ਜਾਂ ਘਟਾਏ ਜਾ ਸਕਦੇ ਹਨ।

# ਸਿੱਖੀ ਦੀ ਫੁਲਵਾੜੀ

[ਗਿ: ਗੋਪਾਲ ਸਿੰਘ 'ਮਿੱਤਰ' 340/4 ਰਾਮ ਨਗਰ, ਗੁੜਗਾਉਂ]

ਸਤਿਗੁਰੂ ਨਾਨਕ ਜੀ ਨੇ ਲਾਈ ਇਹ ਸੋਹਣੀ ਫੁਲਵਾੜੀ।
ਨੌਂ ਜੋਤਾਂ ਤਕ ਫਲਦੀ ਫੁਲਦੀ ਰਹੀ ਇਹ ਚੰਦਨ-ਵਾੜੀ।
ਦਸਮ ਪਿਤਾ ਨੇ ਆ ਕੇ ਇਸ ਤੇ ਨਵੀਂ ਰੰਗਣੀ ਚਾੜ੍ਹੀ।
ਮਹਿਕ ਪਈ ਇਹ ਜਗ ਦੇ ਅੰਦਰ 'ਸਿੱਖੀ ਦੀ ਫੁਲਵਾੜੀ'।

ਕਲਗੀਧਰ ਨੇ ਕੀਤੀ ਇਸ ਦੀ ਖ਼ੂਨ ਨਾਲ ਸਿੰਚਾਈ।
ਪਿਤਾ ਪਿਤਾਮਾ ਤੇ ਪੁੱਤਰਾਂ ਦੀ ਖਾਦ ਏਸ ਵਿਚ ਪਾਈ।
ਪਿਆਰ ਨਾਲ ਇਸ ਦੇ ਹਰ ਪੱਤੇ ਉੱਤੋਂ ਮਿੱਟੀ ਝਾੜੀ।
ਪਾਲੀ ਨਾਲ ਸੱਧਰਾਂ ਚਾਵਾਂ 'ਸਿੱਖੀ ਦੀ ਫੁਲਵਾੜੀ'।

ਘੜਿਆ ਰੂਪ ਅਨੂਪ ਏਸ ਦਾ ਓਸ ਅਨੰਦਪੁਰ ਵਾਲੀ।
ਸਾਬਤ ਸੂਰਤ ਰੱਬ ਦੀ ਮੂਰਤ ਦੇ ਸਾਂਚੇ ਵਿਚ ਢਾਲੀ।
ਹੱਥ ਫੜਾ ਕੇ ਤੇਗਾਂ ਬਰਛੇ ਹਡੀਂ ਬੀਰਤਾ ਵਾੜੀ।
ਫਲਦੀ ਫੁਲਦੀ ਰਹੀ ਹਮੇਸ਼ਾ 'ਸਿੱਖੀ ਦੀ ਫੁਲਵਾੜੀ'।

ਓਸ ਸਮੇਂ ਸੀ ਨਾਲ ਸੁਗੰਧੀ ਭਰਿਆ ਭਾਰਤ ਵੇਹੜਾ।
ਹਰ ਫੁਲ ਦੇ ਮੂੰਹ ਤੇ ਮੁਸਕਾਹਟ ਨੱਚ ਰਿਹਾ ਸੀ ਖੇੜਾ।
ਕੈਰੀ ਨਜ਼ਰ ਜ਼ਾਲਮਾਂ ਦੀ ਉਸ ਦੇਸ਼-ਮੁਹਾਫ਼ਜ਼ ਤਾੜੀ।
ਹਿੰਮਤ ਧੀਰਜ ਨਾਲ ਬਚਾਈ 'ਸਿੱਖੀ ਦੀ ਫੁਲਵਾੜੀ'।

ਕੁਰਬਾਨ ਹੋ ਗਿਆ ਮਾਲੀ ਏਸ ਚਮਨ ਦੀ ਰਾਖੀ ਕਰਦਾ।
ਘਲਿਆ ਇਕ ਦੱਖਣ ਤੋਂ 'ਬੰਦਾ' ਜੋ ਨ ਕਿਸੇ ਤੋਂ ਡਰਦਾ।
ਫੇਰ ਵਸਾਈ ਉਸ ਨੇ ਵਾੜੀ ਜੋ 'ਔਰੰਗ' ਉਜਾੜੀ।
ਦੇ ਕੇ ਖ਼ੂਨ ਆਪਣਾ ਪਾਲੀ, 'ਸਿੱਖੀ ਦੀ ਫੁਲਵਾੜੀ'।

ਜਾਨਾਂ ਹੂਲ ਹੂਲ ਕਈ ਸ਼ੇਰਾਂ ਵਾੜ ਢਿੰਗਰੀ ਕੀਤੀ।
ਸਦੀ ਅਠਾਰ੍ਹਵੀਂ ਅੰਦਰ 'ਮਿੱਤਰ' ਕੀ ਦਸਾਂ ਜੋ ਬੀਤੀ।
ਛਾਂਗਣ ਦੇ ਲਈ ਇਸ ਦੇ ਬੂਟੇ ਚਲਦੀ ਰਹੀ ਕੁਹਾੜੀ।
(ਪਰ) ਕੌੜੀ ਵੇਲ ਵਾਂਗ ਵਧਦੀ ਰਹੀ 'ਸਿੱਖੀ ਦੀ ਫੁਲਵਾੜੀ'।

'ਜੱਸਾ ਸਿੰਘ' 'ਬਘੇਲ' ਕਈ ਉੱਠੇ ਸ਼ੇਰ 'ਕਪੂਰ' ਸੁਹਾਣੇ।
ਸ਼ਕਲ ਜਿਨ੍ਹਾਂ ਦੀ ਵੇਖ ਕੰਬਦੇ ਰਹੇ ਮੁਗਲ ਜਰਵਾਣੇ।
ਕੁੰਮਲਾਈਆਂ ਕਲੀਆਂ ਨੇ ਵੀ ਇਸ ਵੇਲੇ ਅੱਖ ਉਘਾੜੀ।
ਤ੍ਰੇਲ ਨਾਲ ਫਿਰ ਨ੍ਹਾਤੀ ਧੋਤੀ 'ਸਿੱਖੀ ਦੀ ਫੁਲਵਾੜੀ'।

ਪਤਰਾ ਵਾਚ ਗਈ ਪਤਝੜ ਤੇ ਫਿਰੀਆਂ ਫੇਰ ਬਹਾਰਾਂ।
ਹਰ ਟਹਿਣੀ ਤੇ ਫੁਟੀਆਂ ਕੋਮਲ ਲਗਰਾਂ ਕਈ ਹਜ਼ਾਰਾਂ।
ਮਾਲੀ ਬਣ 'ਰਣਜੀਤ ਸਿੰਘ' ਨੇ ਫੇਰ ਵਸਾਈ ਵਾੜੀ।
ਚਾਲ੍ਹੀ ਸਾਲ ਪਿਆਰ-ਛਾਂ ਮਾਣੀ 'ਸਿੱਖੀ ਦੀ ਫੁਲਵਾੜੀ'।

ਘਰ ਦੀ ਫੁਟ ਕਾਰਨ ਆ ਵਸਿਆ ਫੇਰ ਬਾਗ ਤੇ ਓਲਾ*।
ਵੈਰੀ ਬਣਿਆ ਫੇਰ ਏਸ ਦਾ ਚਿੱਟ-ਚਮੜਾਂ† ਦਾ ਟੋਲਾ।
ਪੂਰੀ ਸਦੀ ਸੁਖ ਨਾ ਡਿੱਠਾ ਕਦੀ ਸਾਉਣੀ ਹਾੜ੍ਹੀ।
ਹੋਈ ਹਰੀ ਕਦੀ ਕੁਮਲਾਈ 'ਸਿੱਖੀ ਦੀ ਫੁਲਵਾੜੀ'।

ਸਾਰੀ ਵੀਹਵੀਂ ਸਦੀ ਰਹੀ ਇਸ ਦੇ ਲਈ ਜ਼ਾਲਮ ਬਣ ਕੇ।
ਕਰਦੇ ਰਹੇ ਰਖਵਾਲੀ ਇਸ ਦੇ ਮਾਲੀ ਸੀਨੇ ਤਣ ਕੇ।
ਇਸ ਨੂੰ ਫਲਣ ਫੁਲਣ ਨਾ ਦਿੱਤਾ ਘਰ ਦੀ ਫੁਟ ਬਘਿਆੜੀ।
ਫੇਰ ਅੱਜ ਕੁਮਲਾਈ ਦਿਸਦੀ 'ਸਿੱਖੀ ਦੀ ਫੁਲਵਾੜੀ'।

ਕਣ ਕਣ ਬਣ ਕੇ ਵੈਰੀ ਇਸਦੀਆਂ ਜੜ੍ਹਾਂ ਵਢਣ ਨੂੰ ਫਿਰਦਾ।
ਇਸਦਾ ਖ਼ੂਨ-ਪਿਆਸਾ ਦਿੱਸੇ ਸਾਰਾ ਹੀ ਚੌਗਿਰਦਾ।
ਸਾਰਾ ਵਾਤਾਵਰਨ ਬਣਿਆ ਏ ਏਸ ਲਈ ਚੰਗਿਆੜੀ।
ਸ਼ਾਲਾ! ਕਿਤੇ ਉਜੜ ਨਾ ਜਾਵੇ 'ਸਿੱਖੀ ਦੀ ਫੁਲਵਾੜੀ'।

ਇਸ ਵਾੜੀ ਦੇ ਫੁੱਲੋ! ਉਠੋ, ਆਪਣਾ ਆਪਾ ਸੰਭਾਲੋ।
ਕਲ੍ਹੀਓ! ਜਾਗੋ, ਹਿੰਮਤ ਕਰ ਕੇ ਇਸ ਹੋਣੀ ਨੂੰ ਟਾਲੋ।
ਕੰਡਿਓ! ਆਪਣਾ ਆਪ ਸੰਭਾਲੋ, ਕੋਈ ਨ ਜਾਏ ਉਜਾੜੀ।
ਫਲਦੀ ਫੁਲਦੀ ਰਹੇ 'ਮਿੱਤਰ ਜੀ' 'ਸਿੱਖੀ ਦੀ ਫੁਲਵਾੜੀ'।

* ਗੜਾ। † ਅੰਗਰੇਜ਼।

'ਸੂਰਾ' ਅੰਮ੍ਰਿਤਸਰ, ਫ਼ਰਵਰੀ ੧੯੯੮



www.AKJ.Org

# ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ

(ਵਲੋਂ—ਸ: ਗੁਰਸਾਗਰ ਸਿੰਘ ਜੀ)

ਭਗਤ ਕਬੀਰ ਜੀ ਦੇ ਇਸ ਕਥਨ ਤੇ ਕੋਈ ਕਿੰਤੂ ਨਹੀਂ ਕਰ ਸਕਦਾ ਕਿ ਕਿਸੇ ਨਾਲ ਵੀ ਜ਼ਬਰਦਸਤੀ ਕਰਨਾ, ਧੱਕਾ ਕਰਨਾ, ਜ਼ੋਰ ਕਰਨਾ ਸਹੀ ਤੌਰ ਤੇ ਜ਼ੁਲਮ ਹੈ। ਜ਼ੋਰ-ਜ਼ੁਲਮ ਨੂੰ ਕਿਸੇ ਸੂਰਤ ਵਿਚ ਵੀ ਨਿਆਂ ਜਾ ਇਨਸਾਫ਼ ਨਹੀਂ ਕਿਹਾ ਜਾ ਸਕਦਾ।

ਮਜ਼ਲੂਮਾਂ ਤੇ ਜ਼ੋਰ-ਜ਼ੁਲਮ ਕਰਨ ਵਾਲਿਆਂ ਨੂੰ, ਆਪਣੇ ਕੀਤੇ ਜ਼ੁਲਮਾਂ ਬਦਲੇ ਲੇਖਾ ਦੇਣਾ ਪੈਂਦਾ ਹੈ। ਉਹ ਕਿਸੇ ਸੂਰਤ ਵਿਚ ਵੀ ਆਪਣੀ ਕੀਤੀ ਦਾ ਫਲ ਭੁਗਤਣ ਤੋਂ ਬਚ ਨਹੀਂ ਸਕਦੇ। ਅਨੇਕਾਂ ਜ਼ੁਲਮ ਕਰਨ ਵਾਲੇ ਪਾਪੀਆਂ ਨੂੰ ਤਾਂ ਇਸੇ ਲੋਕ ਵਿਚ ਹੀ ਕੀਤੀਆਂ ਕਰਤੂਤਾਂ ਦੇ ਫਲ ਚਖਣੇ ਪਏ ਅਤੇ ਉਹ ਬੁਰੀ ਤਰ੍ਹਾਂ ਖਜਲ ਖ਼ੁਆਰ ਹੋ ਕੇ ਮਰੇ। ਕਾਲਖ ਦਾ ਟਿੱਕਾ ਰਹਿੰਦੀ ਦੁਨੀਆ ਤਕ ਉਨ੍ਹਾਂ ਨੂੰ ਲਗਾ ਹੀ ਰਹਿੰਦਾ ਹੈ। ਜੇ ਕੋਈ ਇਸ ਦੁਨੀਆ ਵਿਚ ਦੂਜਿਆਂ ਤੇ ਜ਼ੁਲਮ ਕਮਾਂਦਾ ਹੋਇਆ ਬਚ ਨਿਕਲਦਾ ਹੈ ਤਾਂ ਅਸੀਂ ਇਹ ਮਤ ਸਮਝੀਏ ਕਿ ਉਸ ਨੂੰ ਜ਼ੁਲਮ ਫਲੀਭੂਤ ਹੋ ਗਏ ਹਨ। ਮਨੁਖਾਂ ਦੀਆਂ ਕਚਹਿਰੀਆਂ ਵਿਚੋਂ ਤਾਂ ਕੋਈ ਬਚ ਸਕਦਾ ਹੈ, ਪਰ ਉਸ ਅੰਤਰਜਾਮੀ, ਘਟ ਘਟ ਦੇ ਜਾਨਣਹਾਰ ਪ੍ਰਭੂ ਦੇ ਇਨਸਾਫ਼ ਤੋਂ ਕੋਈ ਕਿਵੇਂ ਭਜ ਸਕਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਵਡਹੰਸ ਦੀ ਵਾਰ ਦੀ ੧੪ਵੀਂ ਪਉੜੀ ਵਿਚ ਸਪੱਸ਼ਟ ਕਰਦੇ ਹਨ—

ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ,
ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥੧੪॥ (ਪੰਨਾ ੫੯੧)

ਆਪਣੇ ਜ਼ੋਰ-ਜ਼ੁਲਮ ਨੂੰ ਲੁਕਾਣ ਲਈ ਜੇ ਕੋਈ ਬਾਹਰਮੁਖੀ ਧਾਰਮਿਕ ਰਹੁ-ਰੀਤੀ ਜਾਂ ਸ਼ਰਾ-ਸ਼ਰੀਅਤ ਵਿਚ ਪੱਕਾ ਹੋਣ ਦਾ ਬੁਰਕਾ ਪਾ ਲਵੇ ਜਾਂ ਸਮਾਜਿਕ, ਭਾਈਚਾਰਕ ਅਥਵਾ ਸਭਿਆਚਾਰਕ ਗੁਣਾਂ ਦਾ ਧਾਰਨੀ ਹੋਣ ਦਾ ਢੋਲ ਵਜਾਂਦਾ ਫਿਰੇ ਅਤੇ ਇਉਂ ਆਪਣੇ ਹਮਜੋਲੀਆਂ ਵਿਚ ਕੀਤੇ ਗੁਨਾਹਾਂ ਨੂੰ ਸਵਾਬ ਬਣਾ ਕੇ ਵਿਖਾ ਦੇਵੇ ਤਾਂ ਵੀ ਛਾਤੀ ਦੇ ਜ਼ੋਰ ਨਾਲ ਕੀਤੇ ਕਮਾਏ ਜ਼ੁਲਮ ਕਦੇ ਵੀ ਸਲਾਹੁਣ ਯੋਗ ਨਹੀਂ ਹੋ ਸਕਦੇ। ਜ਼ੁਲਮ ਨੇ ਜ਼ੁਲਮ ਹੀ ਰਹਿਣਾ ਹੈ। ਔਰੰਗਜ਼ੇਬ ਮੁਸਲਮਾਨਾਂ ਵਿਚ ਇਕ ਪਰਹੇਜ਼ਗਾਰ ਮੁਸਲਮਾਨ ਸਦਾਉਣ ਲਈ ਆਪਣੇ ਆਪ ਵਿਚ ਬੜਾ ਭਾਰੀ ਸ਼ਰਾ-ਸ਼ਰੀਅਤ ਦਾ ਧਾਰਨੀ ਸੀ। ਪੰਜੇ ਨਿਮਾਜ਼ਾਂ ਪੜ੍ਹਨੀਆਂ, ਰੋਜ਼ੇ ਰਖਣੇ ਅਤੇ ਕੁਰਾਨ ਸ਼ਰੀਫ਼ ਹੱਥੀਂ ਲਿਖਣ ਤਕ ਦਾ ਧਾਰਮਿਕ ਢੌਂਗ ਉਸ ਨੇ ਅਖ਼ਤਿਆਰ ਕੀਤਾ ਹੋਇਆ ਸੀ। ਪਰ ਕੀ ਇਨ੍ਹਾਂ ਬਾਹਰਲੇ ਧਾਰਮਿਕ ਕਰਮ-ਧਰਮਾਂ ਤੇ ਰਹੁ-ਰੀਤਾਂ ਧਾਰਨ ਕਰਨ ਨਾਲ ਉਹ ਨੇਕ ਮਨੁਖ ਹੋ ਸਕਦਾ ਹੈ? ਕੀ ਉਹ ਇਤਿਹਾਸ ਵਿਚ ਸਤਿਕਾਰਿਆ ਜਾ ਸਕਦਾ ਹੈ? ਅਤੇ ਕੀ ਉਹ ਰੱਬ ਦੀ ਦਰਗਾਹ ਵਿਚ ਕਬੂਲ ਪੈ ਸਕਦਾ ਹੈ? ਜਦ ਕਿ ਉਸ ਦੇ ਕਾਰਨਾਮੇ ਇਤਿਹਾਸ ਵਿਚ ਉਜਾਗਰ ਹਨ ਕਿ ਕਿਵੇਂ ਉਸ ਨੇ ਰਾਜ-ਗੱਦੀ ਪ੍ਰਾਪਤ ਕਰਨ ਲਈ ਆਪਣੇ ਬਾਪ ਨੂੰ ਕਈ ਸਾਲ ਕੈਦ ਵਿਚ ਭੁਖਾ ਤਿਹਾਇਆ ਰਖ ਕੇ ਖ਼ਤਮ ਕੀਤਾ, ਆਪਣੇ ਸੱਕੇ ਭਰਾਵਾਂ ਨੂੰ ਧੋਖੇ ਫ਼ਰੇਬ ਅਤੇ ਫ਼ੌਜ-ਕਸ਼ੀ ਕਰ ਕੇ ਮਰਵਾਇਆ? ਰਾਜ-ਗੱਦੀ ਪ੍ਰਾਪਤ ਕਰ ਕੇ ਹਿੰਦੂ-ਰਾਜ ਨੂੰ ਮੁੜ ਕਦੇ ਵੀ ਹੋਂਦ ਵਿਚ ਨਾ ਆ ਸਕਣ ਵਾਸਤੇ ਉਸ ਨੇ ਹਿੰਦੂਆਂ ਦੀ ਜੜ੍ਹ-ਮੇਖ਼ ਖ਼ਤਮ ਕਰਨ ਦਾ ਤਹੱਈਆ ਕਰ ਲਿਆ। ਹਜ਼ਾਰਾਂ ਮੰਦਰਾਂ ਤੇ ਧਰਮ-ਅਸਥਾਨਾਂ ਨੂੰ ਡੇਗ ਕੇ ਮਸਜਿਦਾਂ ਉਸਾਰੀਆਂ ਅਤੇ ਕਸ਼ਮੀਰ ਦੇ ਹਜ਼ਾਰਾਂ ਪੰਡਤਾਂ ਤੇ ਭਾਰਤ ਦੇ ਲੱਖਾਂ ਹਿੰਦੂਆਂ ਦਾ ਕੱਤਲ ਕਰਾਇਆ ਜਾਂ ਜ਼ਬਰਦਸਤੀ ਮੁਸਲਮਾਨ ਬਣਾਇਆ। ਔਰੰਗਜ਼ੇਬ ਆਪਣੀਆਂ ਅਜਿਹੀਆਂ ਕਰਤੂਤਾਂ ਕਰਕੇ ਸਦਾ ਦੁਨੀਆ ਦੇ ਸਾਹਮਣੇ ਪਾਪੀ, ਗੁਨਾਹਗਾਰ ਅਤੇ ਜ਼ਾਲਮ ਹੀ ਗਰਦਾਨਿਆ ਜਾਏਗਾ। ਇਤਿਹਾਸ ਕਿਸੇ ਦੇ ਗੁਨਾਹਾਂ ਨੂੰ ਮਾਫ਼ ਨਹੀਂ ਕਰ ਸਕਦਾ।

ਜ਼ੋਰ-ਜ਼ੁਲਮ ਨਾਲ ਕਿਸੇ ਦੇ ਦਿਲ ਨੂੰ ਜਿਤਿਆ ਨਹੀਂ ਜਾ ਸਕਦਾ। ਪਰ ਇਸ ਦੇ ਉਲਟ ਪ੍ਰੇਮ-ਪਿਆਰ ਅਤੇ ਹਰੇਕ ਨਾਲ ਹਮਦਰਦੀ ਰਖਣ ਵਾਲਾ, ਦੂਜਿਆਂ ਦੇ ਧਾਰਮਿਕ, ਸਭਿਆਚਾਰਕ, ਭਾਈਚਾਰਕ ਜਜ਼ਬਾਤ ਦਾ



www.AKJ.Org

ਸਤਿਕਾਰ ਕਰਨ ਵਾਲਾ ਹਰ ਕਿਸੇ ਦੇ ਹਿਰਦੇ ਨੂੰ ਜਿਤ ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਵੇਂ "ਖਾਲਸਾ ਰਾਜ" ਸਦਵਾਉਂਦਾ ਸੀ, ਪਰ ਸਹੀ ਅਰਥਾਂ ਵਿਚ ਉਹ ਸਮੂਚੇ ਪੰਜਾਬੀਆਂ ਦਾ, ਬਿਨਾਂ ਕਿਸੇ ਵਿਤਕਰੇ ਦੇ, ਆਪਣਾ ਸਾਂਝਾ ਰਾਜ ਸੀ। ਮਹਾਰਾਜੇ ਦੇ ਰਾਜ ਵਿਚ ਕਿਸੇ ਦੇ ਧਰਮ ਨੂੰ ਜ਼ਲੀਲ ਨਹੀਂ ਸੀ ਕੀਤਾ ਜਾਂਦਾ, ਸਗੋਂ ਗੁਰਦੁਆਰੇ ਤੇ ਮੰਦਰ, ਮਸਜਿਦ ਤੇ ਗਿਰਜੇ ਸਭ ਦਾ ਪੂਰਾ ਪੂਰਾ ਸਤਿਕਾਰ ਰਖਿਆ ਜਾਂਦਾ ਸੀ। ਮਹਾਰਾਜੇ ਨੇ ਜਿਥੇ ਗੁਰਦਵਾਰਿਆਂ ਦੀਆਂ ਇਮਾਰਤਾਂ ਲਈ ਸੰਗਮਰਮਰ, ਸੋਨਾ ਤੇ ਜਗੀਰਾਂ ਦਾਨ ਕੀਤੀਆਂ ਉਥੇ ਮੰਦਰਾਂ ਤੇ ਮਸਜਿਦਾਂ ਲਈ ਵੀ ਉਹ ਰਜ ਕੇ ਸਹਾਇਤਾ ਦੇਂਦਾ ਰਿਹਾ। ਮਹਾਰਾਜੇ ਦੇ ਰਾਜ ਵਿਚ ਕਿਸੇ ਇਕ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿਤੀ ਗਈ। ਉਸ ਦੀ ਵਜ਼ਾਰਤ ਵਿਚ ਗ੍ਰਹਿ ਤੇ ਬਦੇਸ਼ ਮੰਤਰੀ ਦੋਵੇਂ ਮੁਸਲਮਾਨ ਸਨ, ਤੋਪਖ਼ਾਨੇ ਦਾ ਜਰਨੈਲ ਮੁਸਲਮਾਨ ਅਤੇ ਵੱਡਾ ਡਾਕਟਰ ਇਕ ਫ਼ਰੰਗੀ ਸੀ। ਉਸ ਦੀਆਂ ਫ਼ੌਜਾਂ ਵਿਚ ਫ਼ਰੰਗੀ ਜਰਨੈਲ, ਕਈ ਹਿੰਦੂ ਜਰਨੈਲ, ਅਤੇ ਫਿਰ ਪ੍ਰਧਾਨ ਮੰਤਰੀ ਡੋਗਰਾ ਜਰਨੈਲ ਸੀ; ਭਾਵੇਂ ਇਹ ਡੋਗਰੇ-ਭਰਾ, ਪਿਛੋਂ ਅਕ੍ਰਿਤਘਣ ਹੀ ਸਾਬਤ ਹੋਏ ਅਤੇ ਪੂਰੀ ਤਰ੍ਹਾਂ ਗ਼ਦਾਰੀ ਕਰ ਕੇ ਸਿਖ ਰਾਜ ਦੀ ਬਰਬਾਦੀ ਦਾ ਕਾਰਨ ਬਣੇ।

ਦੁਨੀਆ ਦੇ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਰੌਸ਼ਨ-ਮੁਨਾਰੇ ਵਾਂਗ ਚਮਕਦਾ ਰਹੇਗਾ। ਉਸ ਦਾ ਸਭ ਕੌਮਾਂ ਨਾਲ ਇਕੋ ਜਿਹਾ ਪੂਰਾ ਪੂਰਾ ਇਨਸਾਫ਼ ਦੁਨੀਆ ਭੁਲ ਨਹੀਂ ਸਕਦੀ। ਉਸ ਦੇ ਸੁਲਝੇ ਹੋਏ ਨਮੂਨੇ ਦੇ ਰਾਜ-ਪਰਬੰਧ ਨੂੰ ਪੜ੍ਹ ਸੁਣ ਕੇ ਹਿੰਦੂਆਂ, ਮੁਸਲਮਾਨਾਂ ਤੇ ਅੰਗਰੇਜ਼ ਇਤਿਹਾਸਕਾਰਾਂ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ। ਉਸ ਦੇ ਰਾਜ ਵਿਚ ਹਰੇਕ ਕੌਮ ਤੇ ਮਨੁਖ ਮਾਤਰ ਨਾਲ ਆਦਰ-ਸਤਿਕਾਰ ਤੇ ਪਿਆਰ ਵਾਲਾ ਵਰਤਾਉ ਦੁਨੀਆ ਨੂੰ ਹੈਰਾਨ ਕਰੀ ਜਾਂਦਾ ਹੈ।

ਸਿੱਟੇ ਦੀ ਗੱਲ ਇਹੋ ਹੈ ਕਿ ਕਿਸੇ ਦੇ ਹਿਰਦੇ ਨੂੰ ਪ੍ਰੇਮ-ਪਿਆਰ ਨਾਲ ਅਤੇ ਉਸ ਦੇ ਜਜ਼ਬਾਤ ਦਾ ਸਤਿਕਾਰ ਰਖ ਕੇ ਹੀ ਜਿਤਿਆ ਜਾ ਸਕਦਾ ਹੈ। ਆਖ਼ਰੀ ਫ਼ਤਹ ਪ੍ਰੇਮ-ਪਿਆਰ ਨਾਲ ਹੀ ਹੋਣੀ ਹੈ, ਜ਼ੋਰ-ਜ਼ੁਲਮ ਨਾਲ ਕੋਈ ਵੀ ਮਸਲਾ ਹੱਲ ਨਹੀਂ ਕੀਤਾ ਜਾ ਸਕਦਾ। ਜਨ-ਸਾਧਾਰਨ ਅਤੇ ਮਜ਼ਲੂਮ ਲੋਕੀ ਜ਼ੋਰ-ਜ਼ੁਲਮ ਨਾਲ ਕੁਝ ਚਿਰ ਲਈ ਦਬਾਏ ਤਾਂ ਜਾ ਸਕਦੇ ਹਨ, ਪਰ ਉਨ੍ਹਾਂ ਦੇ ਅੰਦਰਲੇ ਉਬਾਲ ਜਵਾਲਾ-ਮੁਖੀ ਵਾਂਗ ਅੰਦਰੇ ਅੰਦਰ ਖੌਲਦੇ ਰਹਿੰਦੇ ਹਨ, ਅਤੇ ਸਮਾਂ ਪਾਕੇ ਉਹ ਐਸੇ ਲਾਵਾ ਰੂਪ ਵਿਚ ਪ੍ਰਗਟ ਹੁੰਦੇ ਹਨ ਕਿ ਸਭ ਕਾਸੇ ਨੂੰ ਸਾੜ ਫੂਕਕੇ ਸੁਆਹ ਕਰ ਦਿੰਦੇ ਹਨ।

ਇਤਿਹਾਸ ਗਵਾਹ ਹੈ ਕਿ ਬੰਦਾ ਬਹਾਦਰ ਤੇ ਹੋਰ ਅਨੇਕਾਂ ਸ਼ਹੀਦੀਆਂ ਤੋਂ ਬਾਅਦ ਜ਼ੋਰ-ਜ਼ੁਲਮ ਦੀ ਹਨੇਰੀ ਚਲਦੀ ਹੀ ਰਹੀ। ਸਿਖਾਂ ਨੂੰ ਖ਼ਤਮ ਕਰਨ ਲਈ ਖਾਨ ਬਹਾਦਰ ਜ਼ਕਰੀਆ ਖਾਨ ਨੇ ਗਸ਼ਤੀ ਫ਼ੌਜਾਂ ਭੇਜ ਕੇ ਚੁਣ ਚੁਣ ਕੇ ਉਨ੍ਹਾਂ ਨੂੰ ਮਰਵਾਇਆ। ਉਸ ਨੇ ਸਿਖਾਂ ਤੇ ਬੜੇ ਕਹਿਰ ਤੋੜੇ, ਪਰ ਖਾਲਸਈ ਹੌਸਲੇ ਅਗੇ ਉਸ ਦੀ ਕੋਈ ਪੇਸ਼ ਨਾ ਗਈ। ਸਿਖਾਂ ਨੂੰ ਖ਼ਤਮ ਕਰਦਾ ਕਰਦਾ ਉਹ ਆਪ ਖ਼ਤਮ ਹੋ ਗਿਆ।

ਖ਼ਾਨ ਬਹਾਦਰ ਤੋਂ ਪਿਛੋਂ ਉਸ ਦੇ ਪੁਤਰ ਯਾਹੀਆ ਖਾਨ ਨੇ ਬਾਪ ਦੇ ਕਦਮਾਂ ਤੇ ਚਲਦਿਆਂ ਜ਼ੋਰ-ਜ਼ੁਲਮ ਕਰਨ ਵਿਚ ਕੋਈ ਕਸਰ ਨਾ ਛਡੀ ਅਤੇ ਅਖ਼ੀਰ ਸਭ ਪਾਸਿਆਂ ਤੋਂ ਸਿੰਘਾਂ ਨੂੰ ਘੇਰ ਕੇ ਕਾਹਨੂੰਵਾਨ ਲਾਗੇ ਇਕੱਠਾ ਕਰ ਕੇ ਪੂਰੀ ਤਰ੍ਹਾਂ ਖ਼ਤਮ ਕਰਨ ਦਾ ਜਤਨ ਕੀਤਾ। ਇਸ ਸਮੇਂ ਹਜ਼ਾਰਾਂ ਹੀ ਸਿੰਘ ਜ਼ਾਲਮਾਂ ਦਾ ਟਾਕਰਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕਰ ਗਏ, ਪਰ ਸਿਖ ਫਿਰ ਵੀ ਨਾ ਮੁਕੇ।

ਇਸੇ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੇ ਜ਼ੋਰ-ਜ਼ੁਲਮ ਦਾ ਚੱਕਰ ਚਲਾਇਆ ਅਤੇ ਉਸ ਨੇ ਸਿਖਾਂ ਦਾ ਬੀਜ-ਨਾਸ ਕਰਨ ਲਈ ਤਹੱਈਆ ਕਰ ਲਿਆ। ਉਸ ਨੇ ਸਿੰਘਾਂ ਨੂੰ ਧੋਖੇ ਨਾਲ ਸਭ ਪਾਸਿਆਂ ਤੋਂ ਘੇਰ-ਘਾਰ ਕੇ ਕੁਪਰਹੀੜੇ ਲਾਗੇ ਇਕੱਠਾ ਕਰ ਲਿਆ ਅਤੇ ਪੂਰੀ ਤਰ੍ਹਾਂ ਸਿਖਾਂ ਨੂੰ ਤਬਾਹ ਕਰਨ ਲਈ ਸਾਰੇ ਨਾਕੇ ਰੋਕ ਲਏ। ਸਿਖਾਂ ਨੇ ਜਾਨਾਂ ਤਲੀ ਤੇ ਰੱਖ ਕੇ ਇਥੇ ਖ਼ੂਨ-ਡੋਲ੍ਹਵਾਂ ਟਾਕਰਾ ਕੀਤਾ। ਇਸ ਟਾਕਰੇ ਵਿਚ ਸਿੰਘ ੧੮-੨੦ ਹਜ਼ਾਰ ਦੇ ਕਰੀਬ ਸ਼ਹੀਦੀਆਂ ਪਾ ਗਏ। ਪਰ ਸਿਖ ਫਿਰ ਵੀ ਖ਼ਤਮ ਨਾ ਹੋ ਸਕੇ।

ਫਿਰ ਮੀਰ ਮੰਨੂੰ ਨੇ ਸਿਖਾਂ ਦੀ ਅਲਖ ਮੁਕਾਉਣ ਲਈ ਆਪਣੀ ਅੱਡੀ ਚੋਟੀ ਦਾ ਜ਼ੋਰ ਲਾਇਆ ਅਤੇ ਹਜ਼ਾਰਾਂ

[ਬਾਕੀ ਸਫ਼ਾ ੨੦ ਦੀ ਬਾਕੀ]



www.AKJ.Org

# ਭਲਕੇ ਉਠਿ ਹਰਿ ਨਾਮੁ ਧਿਆਵੈ

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਸਿੱਖ ਲਈ ਸਤਿਗੁਰੂ ਜੀ ਨੇ ਨਾਮ ਜਪਣਾ ਲਾਜ਼ਮੀ ਕਰਾਰ ਦਿੱਤਾ। ਜੋ ਸਿੱਖ ਨਾਮ ਨਹੀਂ ਜਪਦਾ, ਉਹ ਸਤਿਗੁਰੂ ਜੀ ਨੂੰ ਪਿਆਰਾ ਨਹੀਂ ਹੋ ਸਕਦਾ। ਨਾਮ ਜਪ ਕੇ ਹੀ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਲਈਆਂ ਜਾ ਸਕਦੀਆਂ ਹਨ ਅਤੇ ਜਨਮ ਸਫਲਾ ਕੀਤਾ ਜਾ ਸਕਦਾ ਹੈ। ਨਾਮ ਜਪਣਾ ਇਤਨਾ ਲਾਜ਼ਮੀ ਹੈ ਜਿਤਨੇ ਹੋਰ ਦੁਨਿਆਵੀ ਕਾਰ ਵਿਹਾਰ। —ਸੰਪਾਦਕ

ਸਿੱਖ ਬੌਧਕ ਵਰਗ ਵਿਚ ਨਾਮ ਸੰਬੰਧੀ ਕਈ ਭੁਲੇਖੇ ਹਨ :–

(੧) ਨਾਮ ਕੀ ਹੈ ?
(੨) ਗੁਰਮੰਤਰ ਕੀ ਹੈ ?
(੩) ਨਾਮ ਘੜੀ ਘੜੀ ਜਪਣ ਦੇ ਕੀ ਲਾਭ ?
(੪) ਕੀ ਨਾਮ ਜਪਣ ਨਾਲ, ਬਿਨਾਂ ਪੜ੍ਹੇ ਗਿਆਨ ਹੋ ਜਾਣਾ ਸੰਭਵ ਹੈ ?
(੫) ਨਾਮ ਜਪਣ ਲਈ ਜੇ ਮਨ ਹੀ ਨਾ ਮੰਨਦਾ ਹੋਵੇ ਤਾਂ ਕੀ ਨਾਮ ਜਪਣ ਦਾ ਕੋਈ ਫ਼ਾਇਦਾ ਹੈ ?
(੬) ਹੋਰ ਕਿਸੇ ਧਰਮ ਨੇ ਤਾਂ ਨਾਮ ਜਪਣ ਤੇ ਇਤਨਾ ਜ਼ੋਰ ਨਹੀਂ ਦਿੱਤਾ, ਫਿਰ ਸਤਿਗੁਰੂ ਜੀ ਸਿੱਖ ਨੂੰ ਨਾਮ ਜਪਣ ਲਈ ਕਿਉਂ ਇਤਨਾ ਜ਼ੋਰ ਦਿੰਦੇ ਹਨ ?
(੭) ਕੀ ਸਿਖ ਧਰਮ ਦੇ ਅਰਥ 'ਹਰ ਵਕਤ ਨਾਮ ਹੀ ਜਪੀ ਜਾਣਾ' ਹਨ ? ਜਿਵੇਂ ਕੋਈ ਹੋਰ ਕੰਮ ਰਹਿ ਹੀ ਨਹੀਂ ਗਿਆ ?

ਇਹ ਸਤ ਸਵਾਲ ਤਾਂ ਇਹਨਾਂ ਸਤਰਾਂ ਦੇ ਲੇਖਕ ਨੇ ਵਿਦਵਾਨਾਂ ਦੀ ਸੰਗਤ ਵਿਚ ਕੰਨੀਂ ਸੁਣੇ ਹਨ। ਜਿਹੜੇ ਸਵਾਲ ਨਹੀਂ ਸੁਣੇ, ਉਹਨਾਂ ਬਾਰੇ ਅੰਦਾਜ਼ਾ ਨਹੀਂ ਕਿ ਕੀ ਕੀ ਹੋਣਗੇ ਤੇ ਕਿਤਨੇ। ਇਸ ਲੇਖ ਵਿਚ ਉਪਰੋਕਤ ਸਵਾਲਾਂ ਦਾ ਉਤਰ ਦੇਣ ਦਾ ਨਿਮਾਣਾ ਜਿਹਾ ਜਤਨ ਹੈ। ਤਾਕਿ ਸਪੱਸ਼ਟ ਹੋ ਜਾਵੇ ਕਿ ਗੁਰਮਤੀ ਕਦਰਾਂ ਦੀ ਸੇਧ ਕੇਵਲ ਨਾਮ ਜਪਣ ਵਲ ਹੈ। ਉਤਰ ਤਾਂ ਗੁਰਬਾਣੀ ਦੀਆਂ ਸੇਧਾਂ ਦੇ ਰਹੀਆਂ ਹਨ, ਜੋ ਸਤਿਗੁਰਾਂ ਨੇ ਸਾਡੇ ਮਨਾਂ ਦੇ ਸ਼ੰਕਿਆਂ ਨੂੰ ਪਹਿਲਾਂ ਤੋਂ ਹੀ ਜਾਣ ਕੇ ਅਤੇ ਬੁਝ ਕੇ, ਸਾਡੀ ਅਗਵਾਈ ਲਈ ਅੰਕਤ ਕਰ ਦਿੱਤੇ ਹੋਏ ਹਨ। ਬਾਣੀ ਪੜ੍ਹਦੇ ਪੜ੍ਹਦੇ, ਹੋ ਸਕਦੇ, ਸਾਡੀ ਸੁਰਤਿ ਇਹਨਾਂ ਮੀਲ-ਪੱਥਰਾਂ ਤੇ ਕਦੀ ਟਿਕ ਜਾਏ।

ਭਾਈ ਗੁਰਦਾਸ ਜੀ ਨੇ ਬੜੇ ਸੰਖੇਪ ਅਤੇ ਸਰਲ ਸ਼ਬਦਾਂ ਵਿਚ ਸਾਡੇ ਇਹ ਸ਼ੰਕੇ ਦੂਰ ਕੀਤੇ ਕਿ ਗੁਰਮੰਤਰ ਕੀ ਹੈ ਤੇ ਇਸ ਦੇ ਜਪਣ ਦਾ ਕੀ ਲਾਭ ਹੈ ?

(ੳ) ਵਾਹਿਗੁਰੂ ਗੁਰਮੰਤ੍ਰ ਹੈ, ਜਪਿ ਹਉਮੈ ਖੋਈ ॥ (ਵਾਰ ੧੩, ਪਉੜੀ ੨)
(ਅ) ਵਾਹਿਗੁਰੂ ਸਾਲਾਹਣਾ ਗੁਰ ਸ਼ਬਦ ਅਲਾਏ ॥ (ਵਾਰ ੯, ਪਉੜੀ ੧੩)

ਗੁਰਮੰਤਰ ਸਿੱਖ ਨੂੰ ਜਪਣ ਲਈ ਦਿੱਤਾ ਗਿਆ 'ਨਾਮ' ਹੈ, ਇਹੋ ਨਾਮ ਹੀ ਗੁਰਮੰਤਰ ਹੈ। ਸੋ ਸਿੱਖ ਲਈ 'ਵਾਹਿਗੁਰੂ' ਹੀ ਨਾਮ ਹੈ, 'ਵਾਹਿਗੁਰੂ' ਹੀ ਗੁਰਮੰਤਰ ਹੈ। ਅਕਾਲ ਪੁਰਖ ਦਾ ਕੀ ਨਾਮ ਹੈ, ਇਸ ਬਹਿਸ ਵਿਚ ਪੈਣ ਤੋਂ ਇਸ ਲਈ ਸੰਕੋਚ ਹੈ, ਕਿਉਂਕਿ ਸਾਡੇ ਇਸ ਲੇਖ ਦਾ ਇਹ ਵਿਸ਼ਾ ਨਹੀਂ। ਸਿੱਖ ਲਈ, ਗੁਰੂ ਤੋਂ ਪੰਜਾਂ ਪਿਆਰਿਆਂ ਰਾਹੀਂ ਸੀਨਾ-ਬਸੀਨਾ ਦੀਖਿਅਤ ਹੁੰਦਾ ਆ ਰਿਹਾ ਨਾਮ 'ਗੁਰਮੰਤਰ' ਵੀ ਹੈ ਤੇ 'ਨਾਮ' ਭੀ ਹੈ। ਇਹ ਠੀਕ ਹੈ ਕਿ ਦੇਸ਼ ਅਤੇ ਕਾਲ ਦੀਆਂ ਬੋਲੀਆਂ ਵਿਚ ਅਕਾਲ ਪੁਰਖ ਨੂੰ ਕਈ ਪ੍ਰਕਾਰ ਦੇ ਕਿਰਤਮ ਨਾਵਾਂ ਨਾਲ ਪੁਕਾਰਿਆ ਗਿਆ ਹੈ, ਪਰ "ਸਤਿਨਾਮੁ ਤੇਰਾ ਪਰਾ ਪੂਰਬਲਾ* ਕਰਕੇ ਬਾਣੀ ਵਿਚ ਮੰਨਿਆ ਗਿਆ ਹੈ। ਸਮੁਚਾ ਸੰਸਾਰ

* ਮਾਰੂ ਮ: ੫, ਅੰਕ ੨੦, ਪੰਨਾ ੧੦੮੩



www.AKJ.Org

ਵਾਹਿਗੁਰੂ ਜੀ ਨੂੰ ਉਸਦੇ ਵਖ ਵਖ ਕਿਰਤਮ ਨਾਵਾਂ ਨਾਲ ਯਾਦ ਕਰਦਾ ਹੈ।

ਕਈ ਵਿਦਵਾਨ ਇਹ ਸਵਾਲ ਪੁਛਦੇ ਹਨ ਕਿ ਨਾਮ ਅਤੇ ਬਾਣੀ ਵਿਚ ਕੀ ਅੰਤਰ ਹੈ ? ਸਾਧਾਰਨ ਜਗਿਆਸੂ ਦੀ ਪੱਧਰ ਤੇ ਇਤਨਾ ਕਹਿਣਾ ਹੀ ਕਾਫ਼ੀ ਹੈ ਕਿ ਬਾਣੀ ਤਾਂ ਗੁਰੂ ਹੈ ਅਤੇ ਨਾਮ, ਗੁਰੂ ਦੁਆਰਾ ਬਖਸ਼ਸ਼ ਕੀਤਾ ਗਿਆ ਗੁਰਮੰਤਰ। ਜਗਿਆਸੂ ਨੂੰ ਬਹੁਤੀ ਲੰਬੀ ਚੌੜੀ ਬਹਿਸ ਵਿਚ ਪੈਣ ਦੀ ਲੋੜ ਨਹੀਂ, ਉਹ ਤਾਂ ਹੁਕਮ ਮਿਲਦੇ ਹੀ ਗੁਰ-ਮੰਤਰ ਨੂੰ ਜਪਣ ਵਿਚ ਜੁਟ ਜਾਂਦਾ ਹੈ। ਬਾਣੀ ਦਾ ਪਾਠ ਕਰਨਾ ਗੁਰੂ ਨਾਲ ਗੱਲਾਂ ਕਰਨਾ ਹੈ, ਗੁਰੂ ਦੀ ਹਜ਼ੂਰੀ ਦਾ ਰਸ ਮਾਣਨਾ ਹੈ। ਨਾਮ ਜਪਣਾ ਗੁਰੂ ਦਾ ਹੁਕਮ ਮੰਨਣਾ ਹੈ :–

(ੳ) ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥੧॥ਰਹਾਉ॥
(ਸੂਹੀ ਮ: ੩, ਪੰਨਾ ੭੫੪)

(ਅ) ਏਕੋ ਨਾਮੁ ਹੁਕਮੁ ਹੈ, ਨਾਨਕ, ਸਤਿਗੁਰਿ ਦੀਆ ਬੁਝਾਇ ਜੀਉ ॥੫॥
(ਸਿਰੀ ਰਾਗ ਮ: ੧, ਪੰਨਾ ੭੨)

(ੲ) ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥ ਰਾਮ ਰਸਾਇਨ ਪੀਉ ਰੇ ਦਗਰਾ ॥੩॥੪॥
(ਆਸਾ ਨਾਮਦੇਵ ਜੀ, ਪੰਨਾ ੪੮੬)

(ਸ) ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ ॥
ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ॥੨੯॥(ਗਉੜੀ ਕੀ ਵਾਰ ਮ:੪,ਪੰਨਾ ੩੧੫)

(ਹ) ਗੁਰਬਾਣੀ ਵਰਤੀ ਜਗੁ ਅੰਤਰਿ, ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥
(ਮਾਰੂ ਸੋਲਹੇ ਮ: ੩, ਪੰਨਾ ੧੦੬੬)

ਦੋ ਸ੍ਰੋਤ ਸਾਡੇ ਸਾਹਮਣੇ ਹਨ, ਜਿਨ੍ਹਾਂ ਵਿਚ ਨਾਮ ਜਪਣ ਦੇ ਆਦੇਸ਼ ਸਤਿਗੁਰੂ ਸਾਹਿਬਾਨ ਵਲੋਂ ਸਮੇਂ ਸਮੇਂ ਸਿੱਖ ਸੰਗਤਾਂ ਨੂੰ ਦਿੱਤੇ ਜਾਂਦੇ ਰਹੇ ਹਨ। ਪਹਿਲਾ ਸਰੋਤ ਹੈ ਹੁਕਮਨਾਮੇ। ਛੇਵੀਂ ਪਾਤਸ਼ਾਹੀ, ਨੌਵੀਂ ਪਾਤਸ਼ਾਹੀ ਅਤੇ ਦਸਵੀਂ ਪਾਤਸ਼ਾਹੀ ਦੇ ਹੁਕਮਨਾਮੇ ਮਿਲਦੇ ਹਨ। ਡਾ: ਗੰਡਾ ਸਿੰਘ ਜੀ (ਪਟਿਆਲਾ) ਅਤੇ ਗੁਰਪੁਰਵਾਸੀ ਭਾ: ਸ਼ਮਸ਼ੇਰ ਸਿੰਘ ਅਸ਼ੋਕ ਦੇ ਸੰਪਾਦਿਤ ਕੀਤੇ ਪਾਵਨ ਹੁਕਮਨਾਮੇ ਪੁਸਤਕ ਰੂਪ ਵਿਚ ਮਿਲਦੇ ਹਨ। ਇਹਨਾਂ ਹੁਕਮਨਾਮਿਆਂ ਦੇ ਅਰੰਭਕ ਸ਼ਬਦ ਤਕਰੀਬਨ ਇਹੋ ਜਿਹੇ ਮਿਲਦੇ ਹਨ :–

"ਗੁਰੂ ਗੁਰੂ ਜਪਣਾ ਜਨਮ ਸਵਰੇਗਾ" ਗੁਰੂ ਸਾਹਿਬਾਨ ਵਲੋਂ ਇਹ ਹੁਕਮਨਾਮੇ ਦੂਰ ਦੂਰ ਦੀਆਂ ਸੰਗਤਾਂ ਨੂੰ ਦਸਤੀ ਕਿਸੇ ਖਾਸ ਕਾਰਜ ਲਈ ਭੇਜੇ ਜਾਂਦੇ ਸਨ, ਜਿਵੇਂ ਰੁਪਏ, ਸੋਨਾ, ਘੋੜੇ, ਸ਼ਸਤਰ, ਜਾਂ ਕਪੜਾ ਆਦਿ ਮੰਗਾਉਣ ਲਈ ਘੱਲੇ ਜਾਂਦੇ ਸਨ। ਹੁਕਮਨਾਮਿਆਂ ਦਾ ਮਜ਼ਮੂਨ ਚਾਹੇ ਕੁਝ ਵੀ ਹੋਵੇ, ਸਤਿਗੁਰਾਂ ਨੇ ਆਪਣੀਆਂ ਸੰਗਤਾਂ ਨੂੰ ਵਾਹਿਗੁਰੂ ਵਾਹਿਗੁਰੂ ਜਪਣ ਦੀ ਸਦਾ ਹੀ ਤਾਕੀਦ ਕੀਤੀ। ਇਹ ਵਖਰੀ ਗੱਲ ਹੈ ਕਿ ਹੌਲੀ ਹੌਲੀ ਸਿੱਖ ਕੌਮ ਵਿਚ ਢਿੱਲ ਅਤੇ ਢਹਿੰਦੀ ਕਲਾ ਆਉਂਦੀ ਗਈ। ਹੁਣ ਤੋਂ ਹੀ ਸਾਡੇ ਸਾਹਮਣੇ ਸਾਡੇ ਬੱਚੇ ਨਿੱਤਨੇਮ ਦੀਆਂ ਬਾਣੀਆਂ ਦੇ ਪਾਠ ਕਰਨੋਂ ਆਕੀ ਹੋਏ ਪਏ ਹਨ। ਉਹਨਾਂ ਦਾ ਕਹਿਣਾ ਹੈ ਕਿ ਸਾਨੂੰ ਨਿੱਤਨੇਮ ਦੇ ਲਾਭ ਦਸੋ ? ਕਈ ਡੇਰਿਆਂ ਦੇ ਪਰਚਾਰਕ ਤਾਂ ਸੰਗਤਾਂ ਨੂੰ ਖੁਲ੍ਹੇਆਮ ਕਹਿੰਦੇ ਫਿਰਦੇ ਹਨ ਕਿ ਨਿੱਤਨੇਮ ਦਾ ਕੋਈ ਲਾਭ ਨਹੀਂ। ਮਾਦਾ ਪ੍ਰਸਤੀ (materialism) ਦਾ ਇਤਨਾ ਬੋਲ ਬਾਲਾ ਹੈ ਕਿ ਅਸੀਂ ਨਿੱਤਨੇਮ ਦੀਆਂ ਬਾਣੀਆਂ ਦੇ ਪ੍ਰੇਮ ਸੇਤੀ ਨਿੱਤ ਪਾਠ ਕਰਨ, ਅੰਮ੍ਰਿਤ ਵੇਲੇ ਜਾਗਣ ਅਤੇ ਨਾਮ ਸਿਮਰਨ ਦੇ ਭੀ ਲਾਭ ਪੁਛਣ ਲੱਗ ਪਏ ਹਾਂ। ਦੁਨਿਆਵੀ ਕਾਰ-ਵਿਹਾਰਾਂ ਦੇ ਲਾਭ ਬਾਹਰਮੁਖੀ (obyiective) ਹੁੰਦੇ ਹਨ। ਉਹ ਦਿਸਦੇ ਹਨ ਅਤੇ ਦੂਜਿਆਂ ਨੂੰ ਦਿਖਾਏ ਜਾ ਸਕਦੇ ਹਨ। ਅਤੇ ਇਹਨਾਂ ਦੀਆਂ ਪ੍ਰਾਪਤੀਆਂ ਸਾਡੇ ਮਨਾਂ ਵਿਚ ਹਉਮੈ ਦੇ ਕਈ ਰੂਪ ਧਾਰ ਕੇ ਪਰਗਟ ਹੁੰਦੇ ਹਨ। ਪਰ ਨਾਮ ਜਪਣ ਦੇ ਲਾਭ, ਜਾਂ ਬਾਣੀ ਨੂੰ ਪਿਆਰ ਨਾਲ ਪੜ੍ਹਨ ਦੇ ਲਾਭ ਅੰਤਰਮੁਖੀ (subjective) ਹੁੰਦੇ ਹਨ। ਨਾਮ-ਬਾਣੀ ਨਾਲ ਜੁੜਿਆ ਜਗਿਆਸੂ ਸਦਾ ਆਪਣੇ ਅੰਦਰ ਇਕ ਠੰਢਕ ਦਾ, ਇਕ ਹੁਲਾਸ ਦਾ, ਇਕ ਧਰਵਾਸ ਤੇ ਖੇੜੇ ਦਾ ਅਨਭਵ ਕਰਦਾ ਹੈ, ਜੋ ਉਸਦੀ ਸੁਰਤਿ ਨੂੰ ਦੁਨਿਆਵੀ ਲਾਭਾਂ ਜਾਂ



www.AKJ.Org

ਦੁਨਿਆਵੀ ਕਦਰਾਂ ਤੋਂ ਉੱਚਾ ਰਖਦੇ ਹਨ। ਉਹ ਕਹਿਣਾ ਜਾਂ ਦਸਣਾ ਭੀ ਚਾਹੇ ਤਾਂ ਭੀ ਉਹ ਆਪਣੀ ਅੰਦਰਲੀ ਰਸ-ਭਿੰਨੀ ਠੰਢਕ ਦਾ ਪ੍ਰਗਟਾਅ ਨਹੀਂ ਕਰ ਸਕਦਾ। ਗੂੰਗੇ ਦੇ ਮਿਠਿਆਈ ਖਾਣ ਉਪਰੰਤ ਉਸ ਦੇ ਸੁਆਦ ਪ੍ਰਗਟਾਉਣ ਦੀ ਆਪਣੀ ਅਸਮਰਥਾ ਹੁੰਦੀ ਹੈ, ਇਹੋ ਹਾਲ ਨਿਤਨੇਮੀ ਪ੍ਰੇਮੀ ਨਾਮ-ਅਭਿਆਸੀ ਦਾ ਹੁੰਦਾ ਹੈ।

ਗੂੰਗੇ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥੨॥

(ਸੋਰਠਿ ਨਾਮਦੇਵ ਜੀ, ਪੰਨਾ ੬੫੭)

ਨਾਮ ਜਪਣ ਪਰਥਾਏ ਦੂਜਾ ਸਰੋਤ ਸਤਿਗੁਰਾਂ ਦੀ ਪਾਵਨ ਗੁਰਬਾਣੀ ਹੈ। ਇਹ ਬਾਣੀ ਤਕਰੀਬਨ ਤੁਕ ਤੁਕ ਵਿਚ ਸਿੱਖ ਨੂੰ ਨਾਮ ਜਪਣ ਲਈ ਪ੍ਰੇਰਦੀ ਹੈ। ਸਮੁਚੀ ਗੁਰਬਾਣੀ ਅੰਦਰ ਇਕ ਥਾਂ ਸ੍ਰੀ ਗੁਰੂ ਰਾਮਦਾਸ ਜੀ ਸਿਖਾਂ ਲਈ ਇਹ ਹੁਕਮ ਬਖਸ਼ਸ਼ ਕਰਦੇ ਹਨ ਕਿ ਜੋ ਆਪਣੇ ਆਪ ਨੂੰ ਸਤਿਗੁਰੂ ਜੀ ਦੇ ਸਿੱਖ ਅਖਵਾਉਣ ਵਿਚ ਫ਼ਖ਼ਰ ਸਮਝਦੇ ਹਨ, ਉਹਨਾਂ ਨੂੰ ਰੋਜ਼ਾਨਾ ਨਿੱਤਨੇਮ ਨਾਲ ਪ੍ਰੇਮ ਸੇਤੀ ਕੀ ਕਰਨਾ ਚਾਹੀਦਾ ਹੈ–

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, **ਸੋ ਗੁਰਸਿਖੁ ਗੁਰੂ ਮਨਿ ਭਾਵੈ** ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖੁ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥੧੧॥

(ਗਉੜੀ ਕੀ ਵਾਰ, ਮ: ੪, ਪੰਨਾ ੩੦੫-੦੬)

ਇਸ ਪਉੜੀ ਵਿਚੋਂ ਕੁਝ ਬੜੇ ਕੀਮਤੀ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ—

(੧) ਨਿੱਤ ਅੰਮ੍ਰਿਤ ਵੇਲੇ ਜਾਗਣਾ ਸਿੱਖ ਲਈ ਲਾਜ਼ਮੀ ਹੈ, ਜੇਕਰ ਉਹ ਆਪਣੇ ਆਪ ਨੂੰ ਗੁਰੂ ਕਾ ਸਿਖ ਅਖਵਾਉਂਦਾ ਹੈ। ਭਲਕੇ ਉਠਣ ਤੋਂ ਹੀ ਸਿਖ ਆਪਣੇ ਹਰ ਰੋਜ਼ ਕੀਤੇ ਜਾਣ ਵਾਲੇ ਕੰਮਾਂ ਨੂੰ ਅਰੰਭ ਕਰਦਾ ਹੈ।

(੨) ਅੰਮ੍ਰਿਤ ਵੇਲੇ ਹੀ ਸਰੀਰ ਦੀ ਸਾਵਧਾਨਤਾ ਲਈ ਜਿਥੇ ਇਸ਼ਨਾਨ ਲਾਜ਼ਮੀ ਹੈ ਉਥੇ ਨਾਮ ਦੇ ਅੰਮ੍ਰਿਤ-ਸਰੋਵਰ ਵਿਚ ਗੁਰੂ ਕੇ ਸਿੱਖ ਨੂੰ ਸੁਆਸ-ਗਿਰਾਸ ਨਾਮ ਦੇ ਬਿਲੋਵਨੇ ਨੂੰ ਬਿਲੋਵਨ ਦੀ ਤਾਕੀਦ ਕੀਤੀ ਗਈ ਹੈ। ਨਾਮ ਜਪਣਾ ਅੰਮ੍ਰਿਤ ਦੇ ਸਰੋਵਰ ਵਿਚ ਇਸ਼ਨਾਨ ਦੇ ਤੁਲ ਹੈ।

(੩) ਦਿਨੇ ਕਾਰ ਵਿਹਾਰ ਵਿਚ ਭੀ ਸੁਰਤਿ ਨਾਮ ਅਤੇ ਬਾਣੀ ਵਿਚ ਪਕਾਉਣੀ ਹੈ। ਦਿਨੇ ਭੀ ਗੁਰਬਾਣੀ ਦੀਆਂ ਤੁਕਾਂ ਗੁਣ-ਗੁਣਾਉਂਦੇ ਰਹਿਣ ਦੀ ਤਾਕੀਦ ਹੈ, ਹਾਂ ਜਦੋਂ ਕਦੀ ਅਤੇ ਜਿਸ ਵੇਲੇ ਭੀ ਸਮਾਂ ਮਿਲੇ।

(੪) ਗੁਰੂ ਦੇ ਮਨ ਨੂੰ ਸਿਖ ਕੇਵਲ ਉਪਰੋਕਤ ਕਾਰ ਰਾਹੀਂ ਹੀ ਪਿਆਰਾ ਲਗ ਸਕਦਾ ਹੈ, ਐਵੇਂ ਨਹੀਂ।

(੫) ਜਦੋਂ ਸਿੱਖ ਦੀ ਸੁਰਤਿ ਨਾਮ ਬਾਣੀ ਵਿਚ ਦ੍ਰਿੜ੍ਹ ਹੋ ਜਾਂਦੀ ਹੈ ਤਾਂ ਫਿਰ ਉਸਨੂੰ ਅੰਤਰ-ਆਤਮੇ ਨਾਮ ਜਪਾਉਣ ਦੀ ਸੇਵਾ ਗੁਰੂ ਪਾਸੋਂ ਮਿਲਦੀ ਹੈ।

(੬) ਸੁਆਸਾਂ ਨਾਲ ਨਾਮ ਅਭਿਆਸ ਦੀ ਵਿੱਧੀ ਗੁਰੂ ਸਾਹਿਬਾਨ ਦੇ ਆਪਣੇ ਸਮੇਂ ਭੀ ਮੌਜੂਦ ਸੀ ਤੇ ਹੁਣ ਤਕ ਸੀਨਾ-ਬ-ਸੀਨਾ ਸਿੰਘਾਂ ਵਿਚ ਤੁਰਦੀ ਆਈ ਹੈ, ਜਿਵੇਂ ਕਿ ਉਪਰੋਕਤ ਪਉੜੀ ਵਿਚ ਸੰਕੇਤ ਕੀਤਾ ਗਿਆ ਹੈ। ਪਰ ਅੱਜ ਕਲ੍ਹ ਪੰਥ ਵਿਚੋਂ ਇਹ ਸੁਆਸ ਗਿਰਾਸ ਦੀ ਵਿਧੀ ਅਲੋਪ ਹੁੰਦੀ ਜਾ ਰਹੀ ਹੈ। ਇਸ ਵਿਧੀ ਨੂੰ ਸੁਰਜੀਤ ਰਖਣ ਦੀ ਲੋੜ ਹੈ।

ਸਤਿਗੁਰੂ ਸਾਹਿਬਾਨ ਦੇ ਵੇਲੇ ਵੀ ਸਮਕਾਲੀ ਮਤ-ਮਤਾਂਤਰਾਂ ਦੇ ਕਈ ਆਗੂ ਅਜੋਕੇ ਬੁਧੀਜੀਵੀਆਂ ਵਾਂਗ ਇਹੋ ਸ਼ੰਕਾ ਪ੍ਰਗਟਾਉਂਦੇ ਹੁੰਦੇ ਸਨ ਕਿ ਤੁਹਾਡੇ ਧਰਮ ਵਿਚ ਹੋਰ ਕੋਈ ਕਰਮ ਨਹੀਂ ਰਹਿ ਗਿਆ ਸਿਵਾਏ ਨਾਮ ਜਪਣ ਦੇ ? ਉਦੋਂ ਭੀ ਅਤੇ ਹੁਣ ਭੀ ਸਤਿਗੁਰਾਂ ਦਾ ਇਹੋ ਉਤਰ ਹੁੰਦਾ ਸੀ–



www.AKJ.Org

ਪੁੰਨ, ਦਾਨ, ਜਪ, ਤਪ ਜੇਤੇ, ਸਭ ਊਪਰਿ ਨਾਮੁ ॥੩॥੧੨੦॥ (ਆਸਾ ਮ: ੫, ਪੰਨਾ ੪੦੧)

ਨਾਮ ਹੀ, ਗੁਰਮਤੀ ਕਦਰਾਂ ਅਨੁਸਾਰ ਇਕ ਐਸੀ ਅਸਚਰਜ ਵਸਤੂ ਹੈ ਜੋ ਜਗਿਆਸੂ ਨੂੰ ਨਾ-ਕੇਵਲ ਸਰਬ-ਪੱਖੀ ਆਤਮਕ ਅਤੇ ਸੰਸਾਰਕ ਗਿਆਨ ਪ੍ਰਦਾਨ ਕਰ ਸਕਦੀ ਹੈ, ਬਲਕਿ ਸੰਸਾਰ ਦੇ ਸਮੁਚੇ ਭਰਮ-ਬੰਧਨ ਅਤੇ ਹਉਮੈ ਦੂਰ ਕਰਕੇ ਨਾਮੀ-ਵਾਹਿਗੁਰੂ ਜੀ ਨਾਲ ਮੇਲ ਕਰਾ ਸਕਦੀ ਹੈ।

ਨਾਮੁ ਜਪਤ ਕੋਟਿ ਸੂਰ ਉਜਾਰਾ, ਬਿਨਸੈ ਭਰਮੁ ਅੰਧੇਰਾ ॥੧॥ (ਜੈਤਸਰੀ ਮ: ੫, ਪੰਨਾ ੭੦੦)

ਹਾਂ, ਬਾਕੀ ਦੇ ਧਰਮਾਂ ਦਾ ਆਪੋ ਆਪਣਾ ਤਰੀਕਾ ਹੈ। ਦੂਜੇ ਧਰਮਾਂ ਦੇ ਤੁਲਨਾਤਮਕ ਅਧਿਐਨ (Comparative study) ਕਰ ਕੇ ਸਿੱਖ ਨੇ ਕੋਈ ਨਵਾਂ ਤਰੀਕਾ ਨਹੀਂ ਖੋਜਣਾ। ਅਤੇ ਨਾ ਹੀ ਆਪਣੀ ਮਤਿ ਦੇ ਮਗਰ ਲੱਗ ਕੇ ਗੁਰੂ ਦੀ ਉਤਮ ਗੁਰਮਤੀ ਕਦਰ ਦੀ ਇਸ ਸੇਧ ਤੋਂ ਖੁੰਝਣਾ ਹੈ—

ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ, ਸਤਜੁਗਿ ਪਰਮ-ਹੰਸ ਬੀਚਾਰੀ ॥
ਦੁਆਪੁਰਿ ਤ੍ਰੇਤੈ ਮਾਣਸ ਵਰਤਹਿ, ਵਿਰਲੈ ਹਉਮੈ ਮਾਰੀ ॥੧॥
ਕਲਿ ਮਹਿ ਰਾਮ ਨਾਮਿ ਵਡਿਆਈ ॥
ਜੁਗਿ ਜੁਗਿ ਗੁਰਮੁਖਿ ਏਕੋ ਜਾਤਾ, ਵਿਣੁ ਨਾਵੈ ਮੁਕਤਿ ਨ ਪਾਈ ॥੧॥ਰਹਾਉ॥
(ਭੈਰਉ ਮ: ੩, ਪੰਨਾ ੧੧੩੧-੩੨)

ਆਮ ਮਨੁਖ, ਪਰਮ ਹੰਸ ਜਾਂ ਪ੍ਰੇਤ ਬਿਰਤੀ ਦੇ ਬੰਦੇ ਜੁਗਾਂ ਜੁਗਾਂ ਵਿਚ ਹੁੰਦੇ ਆਏ ਹਨ। ਸਤਿਗੁਰੂ ਜੀ ਨੇ ਜੋ ਸਿਰੇ ਦੀ ਗੱਲ ਉਪਰਲੀ ਰਹਾਉ ਵਾਲੀ ਪੰਕਤੀ ਵਿਚ ਸਮਝਾਈ ਹੈ, ਉਹ ਇਹ ਹੈ ਕਿ ਜੁਗਾਂ ਜੁਗਾਂ ਵਿਚ ਇਕ ਵਾਹਿਗੁਰੂ ਜੀ ਦਾ ਨਾਮ ਹੀ ਵਰਤਦਾ ਆ ਰਿਹਾ ਹੈ, ਇਹ ਉਤਮ ਗਿਆਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਅਤੇ ਇਸ ਨਾਮ ਦੇ ਪ੍ਰਾਪਤ ਹੋਏ ਤੋਂ ਬਿਨਾਂ ਛੁਟਕਾਰਾ ਨਹੀਂ ਹੈ। ਸਤਿਗੁਰੂ ਜੀ ਇਹ ਸਮਝਾਉਂਦੇ ਹਨ ਕਿ ਇਹਨਾਂ ਚਾਰੇ ਜੁਗਾਂ ਵਿਚ ਕਿਸੇ ਨੇ ਭੀ ਸਚੇ ਵਾਹਿਗੁਰੂ ਜੀ ਦੇ ਨਾਮ ਤੋਂ ਬਿਨਾਂ ਮੁਕਤਿ ਨਹੀਂ ਪਾਈ, ਭਾਵੇਂ ਜੁਗਾਂ ਜੁਗਾਂ ਵਿਚ ਧਰਮ ਕਮਾਉਣ ਲਈ ਕਰਮ-ਕ਼ਾਂਡਾਂ ਦੀ ਭਰਮਾਰ ਰਹੀ ਹੈ। ਸਤਿਗੁਰਾਂ ਨੇ ਗੁਰਮਤਿ ਨੂੰ ਹੋਰ ਧਰਮਾਂ ਤੋਂ ਇਉਂ ਨਿਖਾਰਿਆ ਹੈ :—

ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥(ਭੈਰਉ ਮ: ੫ ਪੰਨਾ ੧੧੩੬)

---

[ਸਫ਼ਾ ੨੦ ਦੀ ਬਾਕੀ]

ਸਿੰਘ-ਸਿੰਘਣੀਆਂ ਤੇ ਬੱਚੇ ਫੜ ਫੜ ਕੇ ਲਾਹੌਰ ਮੰਗਵਾਏ ਜਾਂਦੇ ਅਤੇ ਲਾਹੌਰ ਨਖਾਸ ਦੇ ਚੌਕ ਵਿਚ ਭਾਰੀ ਤਸੀਹੇ ਦੇ ਕੇ ਜ਼ੁਲਮ ਕਮਾਏ ਜਾਂਦੇ ਰਹੇ, ਪਰ ਸਿਖ ਫਿਰ ਵੀ ਡੋਲੇ ਜਾਂ ਘਬਰਾਏ ਨਹੀਂ ਅਤੇ ਚੜ੍ਹਦੀਆਂ ਕਲਾ ਵਿਚ ਪੁਕਾਰਦੇ ਰਹੇ :—

ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਮੰਨੂੰ ਵਢਦਾ, ਅਸੀਂ ਦੂਣੇ ਚੌਣੇ ਹੋਏ।

ਮੁਗ਼ਲ ਰਾਜ ਵਲੋਂ ਏਡੇ ਭਾਰੀ ਜ਼ੁਲਮ ਕਮਾਉਣ ਤੋਂ ਬਾਅਦ ਉਨ੍ਹਾਂ ਦਾ ਜੋ ਹਸ਼ਰ ਹੋਇਆ, ਉਹ ਦੁਨੀਆ ਦੇ ਸਾਹਮਣੇ ਹੈ। ਉਨ੍ਹਾਂ ਦਾ ਆਪਣਾ ਖੁਰਾ-ਖੋਜ ਮਿਟ ਗਿਆ, ਪਰ ਉਨ੍ਹਾਂ ਦੇ ਜ਼ੁਲਮਾਂ ਦੇ ਕਿੱਸਿਆਂ ਨਾਲ ਇਤਿਹਾਸਾਂ ਦੇ ਵਰਕੇ ਭਰੇ ਪਏ ਹਨ। ਦੂਜੇ ਪਾਸੇ ਮਜ਼ਲੂਮ ਸਿਖ ਆਪਣੇ ਉਚੇ ਸੁਚੇ ਜੀਵਨ ਅਤੇ ਮਨੁਖ ਮਾਤਰ ਨਾਲ ਪ੍ਰੇਮ-ਪਿਆਰ ਦਾ ਵਿਉਹਾਰ ਕਰਨ ਸਦਕਾ ਹਰੇਕ ਵਲੋਂ ਪਿਆਰੇ ਸਤਿਕਾਰੇ ਗਏ ਅਤੇ ਹਲੇਮੀ ਖਾਲਸਾ ਰਾਜ ਦਾ ਨਮੂਨਾ ਪੇਸ਼ ਕਰ ਗਏ।

ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਭਗਤ ਕਬੀਰ ਜੀ ਨੇ ਕਿਸ ਭਾਵ ਨੂੰ ਉਜਾਗਰ ਕਰਨ ਲਈ ਇਹ ਸਲੋਕ ਉਚਾਰਿਆ :

ਕਬੀਰ ਜੋਰੁ ਕੀਆ ਸੋ ਜੁਲਮ ਹੈ, ਲੇਇ ਜਬਾਬੁ ਖੁਦਾਇ ॥
ਦਫਤਰਿ ਲੇਖਾ ਨੀਕਸੈ, ਮਾਰ ਮੁਹੈ ਮੁਹਿ ਖਾਇ ॥੨੦੦॥ (੧੩੭੫)

[ਖਾਲਸਾ ਸਮਾਚਾਰ, ਅੰਮ੍ਰਿਤਸਰ ਵਿਚੋਂ, ੧੬-੧-੮੮



www.AKJ.Org

# "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰ ॥"

[ਸ: ਮਦਨ ਸਿੰਘ ਜੀ ਬਰਮਿੰਘਮ ਯੂ. ਕੇ.] (ਮ: ੩, ਪੰਨਾ ੬੪੬)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥

(ਨਟ ਮ: ੪, ਪੰਨਾ ੯੮੨)

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ-ਗੁਰੂ ਦਾ ਸਿਧਾਂਤ ਦਿੱਤਾ ਤੇ ਇਲਾਹੀ ਬਾਣੀ ਵਿਚ ਸਾਰਥਿਕ ਰੂਪ ਵਿਚ ਦ੍ਰਿੜ੍ਹਾਇਆ। ਇਸੇ ਸਿਧਾਂਤ ਸਦਕਾ ਗੁਰਬਾਣੀ ਦਾ ਸੰਕਲਿਨ ਸ਼ੁਰੂ ਕੀਤਾ। ਗੁਰੂ ਨਾਨਕ ਦੇ ਆਗਮਨ ਸਮੇਂ ਭਾਰਤ ਵਿਚ ਦੋ ਵੱਡੇ ਧਰਮ ਪ੍ਰਚਲਤ ਸਨ। ਦੋਨੋਂ ਹੀ, ਭਾਵ ਹਿੰਦੂ ਅਤੇ ਮੁਸਲਮਾਨ ਇਕ ਦੂਸਰੇ ਦੇ ਵਿਰੋਧੀ ਤੇ ਆਪੋ ਆਪਣੀ ਧਰਮ ਫਿਲਾਸਫ਼ੀ ਨੂੰ ਚੰਗਾ ਚੰਗਾ ਆਖ, ਖਹਿ ਖਹਿ ਮਰ ਰਹੇ ਸਨ। ਰਾਜ ਲੋਭ ਦਾ ਸੀ, ਚੌਕੀਦਾਰੀ ਕਾਮ ਦੀ ਸੀ, ਸਰਦਾਰੀ ਕੂੜ ਦੀ ਸੀ ਅਤੇ ਜਨਤਾ ਅਗਿਆਨਤਾ ਦੇ ਹਨੇਰੇ ਵਿਚ ਫਸੀ ਹੋਈ ਸੀ। ਸੱਚ ਤੇ ਸਦਾਚਾਰ ਕਿਤੇ ਨਜ਼ਰ ਨਹੀਂ ਸੀ ਆਉਂਦਾ। ਧਰਮ ਦੇ ਰਾਖੇ ਠੇਕੇਦਾਰ ਧਰਮ ਨੂੰ ਵੇਚ ਰਹੇ ਸਨ। ਗੱਲ ਕੀ ਹਰ ਪਾਸੇ ਹਨੇਰਾ ਤੇ ਕੂੜ ਪ੍ਰਧਾਨ ਸੀ। ਹਿੰਦੂ ਧਰਮ, ਕਰਮ ਕਾਂਡਾਂ, ਜਾਤ ਪਾਤ ਤੇ ਮੂਰਤੀ ਪੂਜਾ ਦੀ ਜਿਲ੍ਹਣ ਵਿਚ ਫਸਿਆ ਪਿਆ ਸੀ। ਭਰਮ-ਭੁਲੇਖਿਆਂ ਵਿਚ ਫਸੀ ਲੁਕਾਈ ਕੁਰਲਾ ਰਹੀ ਸੀ। ਬਾਂਹ ਫੜਨ ਵਾਲਾ ਕੋਈ ਨਜ਼ਰ ਨਹੀਂ ਸੀ ਆਉਂਦਾ। ਗੁਰੂ ਬਾਣੀ ਨੇ ਇਸ ਬਾਰੇ ਫੁਰਮਾਇਆ ਹੈ :–

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥੮॥ (ਪੰਨਾ ੬੬੩)

ਤਥਾ– ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥
ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥ ਰਹਾਉ॥ (ਪੰਨਾ ੪੭੯)

ਮੁਸਲਮਾਨ ਹਾਕਮ ਉਸ ਸਮੇਂ ਤਾਕਤ ਦੇ ਨਸ਼ੇ ਵਿਚ ਕੁਕਰਮ ਕਰ ਰਹੇ ਸਨ। ਮੋਮਨ ਤੇ ਕਾਫ਼ਰ ਦੇ ਵਿਤਕਰੇ ਪਾ ਕੇ ਮਨ-ਮਾਨੀਆਂ ਕਰ ਰਹੇ ਸਨ। ਗੁਰਬਾਣੀ ਦਾ ਫੁਰਮਾਨ ਹੈ :–

–ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ ॥੧॥੧੬॥ (ਪੰਨਾ ੧੪੫)

–ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆ ਹੋਸੀ ਸਾਰ ॥ ਨਕੀ ਵਢੀ ਲਾਇਤਬਾਰੁ ॥੨॥੨੮॥ (ਪੰਨਾ ੧੨੮੮)

–ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥ (ਪੰਨਾ ੬੫੪)

ਸਮਾਜ ਦੀ ਇਹੋ ਜਿਹੀ ਦੁਰਦਸ਼ਾ ਵੇਖ ਕੇ ਗੁਰੂ ਬਾਬੇ ਨੂੰ ਤਰਸ ਆਇਆ ਅਤੇ ਅਕਾਲ ਪੁਰਖ ਦੇ ਚਰਨਾਂ ਵਿਚ ਜੋਦੜੀ ਕੀਤੀ :–

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥੧॥੧੦॥ (ਪੰਨਾ ੮੫੩)

ਭਾਈ ਗੁਰਦਾਸ ਜੀ ਦੇ ਲਿਖੇ ਅਨੁਸਾਰ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਗੁਰੂ ਨਾਨਕ ਪਾਤਸ਼ਾਹ ਨੇ 'ਸ਼ਬਦ-ਗੁਰੂ' 'ਗੁਰ-ਬਾਣੀ' ਰਾਹੀਂ ਠੇਡੇ ਖਾਂਦੀ ਲੁਕਾਈ ਨੂੰ ਸੱਚ ਦਾ ਮਾਰਗ ਦਿਖਾਇਆ। ਸਿੱਧਾਂ ਦੇ



www.AKJ.Org

ਇਕ ਸੁਆਲ "ਤੇਰਾ ਕਵਣੁ ਗੁਰੂ ਜਿਸ ਕਾ ਤੂੰ ਚੇਲਾ" ਦੇ ਉੱਤਰ ਵਿਚ ਗੁਰੂ ਬਾਬੇ ਨੇ ਫੁਰਮਾਇਆ :-

–ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪॥ (ਰਾਮਕਲੀ ਸਿਧਗੋਸਟਿ ਮਹਲਾ ੧, ਪੰਨਾ ੯੪੩)
–ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥੧॥ (ਸੋਰਠਿ ਮ: ੧, ਪੰਨਾ ੬੩੫)
ਤਥਾ– ਸਬਦੁ ਦੀਪਕੁ ਵਰਤੈ ਤਿਹੁ ਲੋਇ ॥੨॥ (ਧਨਾਸਰੀ ਮਹਲਾ ੩, ਪੰਨਾ ੬੬੪)

ਦੂਸਰੇ ਸ਼ਬਦਾਂ ਵਿਚ ਸਾਰੀ ਗੁਰਮਤਿ ਲਹਿਰ ਦਾ ਮੰਤਵ 'ਸ਼ਬਦ' ਨੂੰ ਗੁਰਿਆਈ ਦੇ ਕੇ ਦੇਹਧਾਰੀ ਗੁਰੂ-ਸਿਲਸਿਲੇ ਨੂੰ ਸਮਾਪਤ ਕਰਨਾ ਸੀ । ਤੇ ਅੰਤ ਹੋਇਆ ਵੀ ਇਸੇ ਤਰ੍ਹਾਂ । ਗੁਰੂ ਅਰਜਨ ਦੇਵ ਪੰਜਵੀਂ ਪਾਤਸ਼ਾਹੀ ਨੇ ੧੬੦੪ ਈਸਵੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ । ਗੁਰੂ ਗ੍ਰੰਥ ਸਾਹਿਬ ਵਿਚ ਸਤਿਗੁਰਾਂ ਦੀ ਬ਼ਾਣੀ ਤੋਂ ਇਲਾਵਾ ਹੋਰ ਪ੍ਰਸਿਧ ਸੂਫ਼ੀ ਭਗਤਾਂ, ਸੰਤ ਕਵੀਆਂ ਤੇ ਭੱਟਾਂ ਦੀ ਬਾਣੀ ਨੂੰ ਵੀ ਯੋਗ ਥਾਂ ਦਿਤੀ । ਉਪਰੰਤ ਗੁਰਬਾਣੀ ਨੂੰ ਉੱਚਾ ਥਾਂ ਦਿਤਾ ਅਤੇ ਸਤਿਕਾਰ ਵਜੋਂ ਗ੍ਰੰਥ ਸਾਹਿਬ ਦੇ ਨਿਵਾਸ-ਅਸਥਾਨ ਦੇ ਹੇਠ ਆਪਣਾ ਆਸਣ ਰਖਿਆ ।

ਇਸ ਗ੍ਰੰਥ ਵਿਚ ਕਿਸੇ ਵੀ ਪਰਕਾਰ ਦਾ ਜ਼ਾਤ-ਪਾਤ, ਊਚ-ਨੀਚ, ਧਰਮ-ਕਰਮ, ਰੰਗ-ਰੂਪ, ਨਸਲ ਤੇ ਦੇਸ਼-ਬਦੇਸ਼ ਦਾ ਵਿਤਕਰਾ ਨਹੀਂ ਕੀਤਾ ਗਿਆ । ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਿਸ਼ਵ ਮਨੁੱਖਤਾ ਦੇ ਪ੍ਰਤੀਨਿਧ ਸਮਝਿਆ ਜਾਣਾ ਹੀ ਯੋਗ ਹੈ । ਭਾਰਤ ਦੇ ਪ੍ਰਸਿਧ ਫ਼ਿਲਾਸਫ਼ਰ ਤੇ ਸਾਬਕਾ ਰਾਸ਼ਟਰਪਤੀ ਡਾ: ਰਾਧਾ ਕ੍ਰਿਸ਼ਨਨ ਦੇ ਲਫ਼ਜ਼ਾਂ ਵਿਚ "ਸ੍ਰੀ ਗੁਰੂ ਗ੍ਰੰਥ ਸਾਰੇ ਪੀਰਾਂ-ਪੈਗੰਬਰਾਂ ਦੀ ਜੀਉਂਦੀ ਜਾਗਦੀ ਆਵਾਜ਼ ਹਨ ।"

ਸ੍ਰੀ ਗੁਰੂ ਅਮਰਦਾਸ ਜੀ ਦੇ ਸਿਰੀ ਰਾਗ ਵਿਚਲੇ ਹੁਕਮ ਅਨੁਸਾਰ "ਗੁਰਬਾਣੀ ਇਸੁ ਜਗਿ ਮਹਿ ਚਾਨਣੁ" ਹੈ । ਗੁਰਬਾਣੀ ਸੰਸਾਰ ਲਈ ਚਾਨਣ-ਮੁਨਾਰਾ ਹੈ । ਇਹ ਰਾਹ ਤੋਂ ਖੁੰਝੇ ਪਾਂਧੀ ਨੂੰ ਗਾਡੀ-ਰਾਹ ਤੇ ਲਿਆਉਂਦੀ ਹੈ ਅਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਂਦੀ ਹੈ ।

ਦੁਨੀਆਂ ਵਿਚਲੇ ਸਭ ਧਾਰਮਿਕ ਗ੍ਰੰਥਾਂ ਦੀ ਪ੍ਰੰਪਰਾ ਆਪੋ ਆਪਣੀ ਹੈ । ਤਕਰੀਬਨ ਸਾਰੇ ਧਰਮਾਂ ਦੇ ਗ੍ਰੰਥ ਉਹਨਾਂ ਦੇ ਆਗੂਆਂ ਦੇ ਪਰਲੋਕ-ਗਮਨ ਬਾਅਦ ਹੀ ਲਿਖੇ ਗਏ ਮਿਲਦੇ ਹਨ, ਪਰੰਤੂ ਆਦਿ ਗ੍ਰੰਥ ਇਸ ਪਖੋਂ ਨਿਰਾਲੀ ਤੇ ਵਿਸ਼ੇਸ਼ ਹੈਸੀਅਤ ਰਖਦਾ ਹੈ। ਭਾਵ, ਗੁਰੂ ਸਾਹਿਬ ਨੇ ਆਪ ਆਪਣੀ ਹਯਾਤੀ ਵਿਚ, ਗੁਰੂ ਸਾਹਿਬਾਨ ਦੀ ਬਾਣੀ ਤੇ ਭਗਤਾਂ ਦੀ ਬਾਣੀ ਨੂੰ ਗ੍ਰੰਥ ਰੂਪ ਵਿਚ ਸੰਕਲਿਤ ਕੀਤਾ ।

ਮਿਸਟਰ ਮੈਕਾਲਿਫ਼ ਆਪਣੀ ਪ੍ਰਸਿਧ ਪੁਸਤਕ Sikh Religion (ਸਿੱਖ-ਰੀਲੀਜਨ) ਵਿਚ ਲਿਖਦਾ ਹੈ :- "ਸਿਧਾਂਤਾਂ ਦੀ ਪ੍ਰਮਾਣਿਕਤਾ ਦੇ ਪੱਖ ਤੇ ਸਿੱਖ-ਮੱਤ ਦੂਜੇ ਮੱਤਾਂ ਨਾਲੋਂ ਨਿਰਾਲਾ ਹੈ । ਸੰਸਾਰ ਦੇ ਬਹੁਤ ਸਾਰੇ ਧਾਰਮਿਕ ਮਹਾਂ ਪੁਰਸ਼ ਆਪਣੇ ਪਿੱਛੇ ਸ੍ਵੈ-ਰਚਿਤ ਇਕ ਵੀ ਸਤਰ ਨਹੀਂ ਛਡ ਗਏ । ਅਸੀਂ ਉਨ੍ਹਾਂ ਦੀ ਸਿਖਿਆ ਕੇਵਲ ਰਵਾਇਤਾਂ ਜਾਂ ਦੂਜਿਆਂ ਵਲੋਂ ਦਿਤੀ ਜਾਣਕਾਰੀ-ਆਸਰੇ ਹੀ ਜਾਣਦੇ ਹਾਂ। ਲੇਕਿਨ ਸਿਖ-ਸਤਿਗੁਰਾਂ ਦੀ ਬਾਣੀ ਉਹਨਾਂ ਖ਼ੁਦ ਸੰਭਾਲੀ । ਉਹਨਾਂ ਜਿਵੇਂ ਛੰਦਾ-ਬੰਦੀ ਵਿਚ ਰਚੀ ਉਵੇਂ ਜਿਵੇਂ ਸ਼ੁਧ ਰੂਪ ਵਿਚ ਮੌਜੂਦ ਹੈ ।"

ਇਕ ਅਟੱਲ ਸਚਾਈ ਹੈ ਕਿ ਗੁਰਬਾਣੀ ਅਕਾਲ ਪੁਰਖ ਵਲੋਂ ਭੇਜੀ ਹੋਈ ਸਤਿਗੁਰਾਂ ਦੁਆਰਾ ਪਰਗਟ ਹੋਈ ਹੈ– "ਸਤਿਗੁਰ ਕੀ ਬਾਣੀ ਸਤਿ ਸਤਿ ਕਰੁ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪ ਮੁਹਹੁ ਕਢਾਇ ॥"

ਦੁਨੀਆ ਦਾ ਪ੍ਰਸਿਧ ਲਿਖਾਰੀ ਤੇ ਫ਼ਿਲਾਸਫ਼ਰ ਡਾ: ਬਰਨਾਰਡ ਸ਼ਾਹ ਗੁਰਬਾਣੀ ਦਾ ਅਧਿਐਨ ਕਰਨ ਬਾਅਦ ਲਿਖਦਾ ਹੈ :-

"ਸਿਖੀ ਇਕ ਸਰਬ-ਵਿਆਪਕ ਅਥਵਾ ਸੰਪੂਰਨ ਜਗਤ-ਧਰਮ ਹੈ, ਅਤੇ ਮਨੁਖ ਮਾਤਰ ਨੂੰ ਸਮਾਨਤਾ ਦਾ ਸੰਦੇਸ਼ ਦਿੰਦਾ ਹੈ । ਇਸ ਗੱਲ ਦੀ ਗੁਰਬਾਣੀ ਵਿਚ ਰੱਜ ਕੇ ਵਿਆਖਿਆ ਕੀਤੀ ਗਈ ਹੈ । ਸਿੱਖਾਂ ਨੂੰ ਇਉਂ ਨਹੀਂ ਸੋਚਣਾ ਚਾਹੀਦਾ ਹੈ ਕਿ ਸਿਖੀ ਇਕ ਹੋਰ ਚੰਗਾ ਧਰਮ ਹੈ, ਸਗੋਂ ਇਸ ਦੇ ਉਲਟ ਇਉਂ ਸੋਚਣਾ



www.AKJ.Org

ਚਾਹੀਦਾ ਹੈ ਕਿ 'ਕੇਵਲ ਸਿੱਖੀ ਹੀ ਨਵੇਂ ਯੁਗ ਦਾ ਧਰਮ ਹੈ।' ਇਹ ਪੂਰਨ ਤੌਰ ਤੇ ਪੁਰਾਣੇ ਮੱਤਾਂ ਦੀ ਥਾਂ ਮੱਲਦਾ ਹੈ। ਇਹ ਗੱਲ ਸਿਧ ਕਰਨ ਲਈ ਕਿਤਾਬਾਂ ਲਿਖਣ ਦੀ ਸਖ਼ਤ ਲੋੜ ਹੈ। ਦੂਜੇ ਮੱਤ 'ਸੱਚਾਈ' ਰਖਦੇ ਹਨ, ਪਰੰਤੂ ਸਿਖ ਮੱਤ 'ਭਰਪੂਰ ਸੱਚਾਈ' ਹੈ। ਗੁਰੂ ਨਾਨਕ ਦੇਵ ਜੀ ਹੀ ਇਕ ਐਸੀ ਵਿਸ਼ੇਸ਼ ਹਸਤੀ ਹਨ ਜੋ ਇਹ ਦਸਦੇ ਹਨ ਕਿ ਸਾਡੀ ਧਰਤੀ ਤੋਂ ਬਿਨਾਂ ਹੋਰ ਵੀ ਧਰਤੀਆਂ ਤੇ ਮੰਡਲ ਆਦਿ ਹਨ। ਪਹਿਲੀਆਂ ਧਰਮ-ਪੁਸਤਕਾਂ ਤਾਂ ਬਸ, ਇਸ ਲੋਕ ਅਤੇ ਪ੍ਰਲੋਕ (ਸੁਰਗ) ਨਾਲ ਹੀ ਵਾਸਤਾ ਰਖਦੀਆਂ ਸਨ। ਇਹ ਕਹਿਣਾ ਕਿ ਉਨ੍ਹਾਂ ਪੁਸਤਕਾਂ ਵਿਚ ਹੋਰਨਾਂ ਧਰਤੀਆਂ ਦਾ ਵਰਨਣ ਹੈ, ਉਹਨਾਂ ਦੇ ਅਰਥਾਂ ਨੂੰ ਧੂਹ-ਘਸੀਟ ਕਰਨ ਵਾਲੀ ਗੱਲ ਹੈ। . ...ਸਚਾਈ ਇਹ ਹੈ ਕਿ ਸਿੱਖ ਧਰਮ ਵਰਤਮਾਨ ਮਨੁੱਖ ਦੀਆਂ ਉਲਝਣਾਂ ਦਾ ਵਾਹਦ ਹੱਲ ਤੇ ਪ੍ਰਸ਼ਨਾਂ (ਸੰਸਿਆਂ) ਦਾ ਉੱਤਰ ਹੈ।"

ਗੁਰਬਾਣੀ ਤੇ ਸਾਇੰਸ ਕਈ ਪੱਖਾਂ ਤੇ ਵਖ ਵਖ ਜਾਪਦੀ ਹੈ। ਸਾਇੰਸ ਭਾਵੇਂ ਅੰਤਾਂ ਦੀ ਖੋਜ ਕਰਕੇ ਸਿਖਰਾਂ ਤੇ ਪੁਜੀ ਦਿਸਦੀ ਹੈ, ਪਰੰਤੂ ਉਹ ਅਜੇ ਤਕ ਗੁਰਬਾਣੀ ਦੇ ਅਥਾਹ ਸਮੁੰਦਰ ਦਾ ਪਾਰਾਵਾਰ ਨਹੀਂ ਪਾ ਸਕੀ। ਮਿਸਾਲ ਦੇ ਤੌਰ ਤੇ–

ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥੧੬॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥੩੫॥
ਤਥਾ–"ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥੩੭॥
ਤਥਾ—ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥੨੨॥ [ਜਪੁਜੀ
–ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥ (ਪੰਨਾ ੬੧੨)

ਅੰਤ ਸਾਇੰਸ ਨੂੰ ਹੋਰ ਧਰਤੀਆਂ, ਚੰਦਰਮਾਂ, ਸੂਰਜਾਂ ਆਦਿ ਸਿਤਾਰਿਆਂ ਦੀ ਹੋਂਦ ਨੂੰ ਮੰਨਣਾ ਪਿਆ ਤੇ ਇਹ ਗਿਆਨ ਗੁਰੂ ਗ੍ਰੰਥ ਸਾਹਿਬ ਦੀ ਖੋਜ ਕੀਤਿਆਂ ਹੀ ਪ੍ਰਾਪਤ ਹੋ ਸਕਦਾ ਹੈ। ਹਜ਼ਾਰਾਂ ਹੀ ਸਾਲਾਂ ਤੋਂ ਸਾਇੰਸ ਇਸ ਥੀਊਰੀ ਤੇ ਪਹਿਰਾ ਦਿੰਦੀ ਆ ਰਹੀ ਸੀ ਕਿ ਸੂਰਜ ਖਲੋਤਾ ਹੈ ਅਤੇ ਧਰਤੀ ਤੇ ਚੰਦ, ਸੂਰਜ ਦੇ ਦੁਆਲੇ ਘੁੰਮਦੇ ਹਨ। ਇਸ ਗੇੜ ਕਾਰਨ ਦਿਨ ਰਾਤ ਬਣਦੇ ਹਨ, ਰੁਤਾਂ ਫਿਰਦੀਆਂ ਹਨ ਤੇ ਚੰਦ ਗ੍ਰਹਿਣ ਅਤੇ ਸੂਰਜ ਗ੍ਰਹਿਣ ਲਗਦਾ ਹੈ। ਪਰ ਗੁਰਬਾਣੀ ਇਸ ਤੱਥ ਨੂੰ ਸਪੱਸ਼ਟ ਕਰਦੀ ਹੈ ਕਿ—

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥੧॥੪॥ (ਪੰਨਾ ੪੬੪)

ਆਦਿ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਉਚੀ ਭਾਂਤ ਦੀ ਰਹੱਸਵਾਦੀ, ਸੁਰੀਲੀ, ਰਸੀਲੀ, ਜੀਵਨ-ਦਾਤੀ, ਦੈਵੀ ਕਾਵਿ ਹੈ। ਇਸਦਾ ਵਿਸ਼ਾ-ਵਸਤੂ ਹੈ ਸੱਚ, ਕੇਵਲ ਸੱਚ ਤੇ ਪਰਮ ਸੱਚ। ਰਾਗ-ਬੱਧ ਹੋਣ ਕਰਕੇ ਪ੍ਰਾਣੀ ਮਾਤਰ ਲਈ ਹੋਰ ਵੀ ਵਧੇਰੇ ਖਿਚ ਦਾ ਕਾਰਨ ਬਣ ਰਹੀ ਹੈ। ਲੋਕ-ਧਾਰਨਾ ਦੇ ਆਦਰਸ਼ਾਂ ਤੇ ਵੰਨ-ਸੁਵੰਨੇ ਰੂਹਾਨੀ ਗੀਤਾਂ ਦੀ ਪਟਾਰੀ ਹੈ। "ਅਨਤ ਕਲਾ ਹੋਇ ਠਾਕੁਰੁ ਚੜਿਆ"* ਸਹੀ ਫੁਰਮਾਨ ਹੈ।–

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਨੰਦੇੜ ਵਿਖੇ ੧੭੦੮ ਈਸਵੀ ਨੂੰ "ਪੋਥੀ ਪਰਮੇਸਰ ਕਾ ਥਾਨੁ"† ਭਾਵ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਤੇ ਸਸ਼ੋਭਤ ਕੀਤਾ। ਸਰੂਪ ਦਾਸ ਭਲਾ ਕਰਤਾ ਮਹਿਮਾ ਪ੍ਰਕਾਸ਼ ਅਨੁਸਾਰ ਦਸਮੇਸ਼ ਜੀ ਨੇ ਆਪਣੇ ਸਿਖਾਂ ਨੂੰ ਹੁਕਮ ਕੀਤਾ ਕਿ "ਗੁਰੂ ਗ੍ਰੰਥ ਸਾਹਿਬ ਦਾ ਪਾਠ ਮੇਰੇ ਸਾਥ ਬਾਤ ਕਰਨ ਸਾਮਾਨ ਹੈ। ਮੇਰੀ ਆਤਮਾ ਗ੍ਰੰਥ ਸਾਹਿਬ ਵਿਚ ਅਤੇ ਸਰੀਰ ਪੰਥ ਵਿਚ ਹੋਵੇਗਾ।" ਕਾਸ਼! ਅਸੀਂ ਨਾਮ-ਧਰੀਕ ਸਿਖ ਇਸ ਸਚਾਈ ਨੂੰ ਪੱਲੇ ਬੰਨ੍ਹ ਕੇ ਆਪਣੀਆਂ ਨਿਜੀ ਤੇ ਪੰਥਕ ਔਕੜਾਂ ਦਾ ਹਲ ਲਭਦੇ। ਕਿਉਂਕਿ ਇਹ ਗੁਰਬਾਣੀ ਹੀ ਹੈ, ਜੋ ਮਨੁੱਖ ਦੇ ਜੀਵਨ ਦੇ ਸਾਰੇ ਪੱਖ ਇਕ-ਸਮਾਨ ਉਸਾਰਦੀ, ਉਭਾਰਦੀ ਤੇ ਉਸਨੂੰ ਸਹਿਜ ਮਾਰਗ ਦਾ ਪਾਂਧੀ ਬਣਾਉਂਦੀ ਹੈ, ਜਦ ਕਿ ਹੋਰ ਧਰਮ ਜੀਵਨ ਦੀ ਇਕ-ਪੱਖੀ ਉਸਾਰੀ ਹੀ ਕਰਦੇ ਹਨ।

* ਮਾਰੂ ਮ: ੫, ਪੰਨਾ ੧੦੮੧ † ਸਾਰਗ ਮ: ੫, ਪੰਨਾ ੧੨੨੬



www.AKJ.Org

# ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

[ਸ: ਨਰੈਣ ਸਿੰਘ ਜੀ ਐਮ. ਏ., ਸਾਬਕਾ ਮੈਨੇਜਰ ਨਨਕਾਣਾ ਸਾਹਿਬ ਐਸਟੇਟ]

**ਨਨਕਾਣਾ ਸਾਹਿਬ ਤੋਂ ਸੂਹੀਆਂ ਰਾਹੀਂ ਮਿਲਦੀਆਂ ਖ਼ਬਰਾਂ :–**

ਸੰਨ ੧੯੨੦-੨੧ ਈ: ਦੇ ਪੋਹ ਦੀ ਗੱਲ ਹੈ ਕਿ ਇਕ ਦਿਨ ਸ: ਕਰਤਾਰ ਸਿੰਘ ਝੱਬਰ ਤੇ ਇਨ੍ਹਾਂ ਦੇ ਜਥੇ ਦੇ ਸਿੰਘ ਗੁਰਦੁਆਰਾ ਸੱਚਾ ਸੌਦਾ ਵਿਖੇ ਬੈਠੇ ਸਨ ਕਿ ਇਕ ਪ੍ਰੇਮੀ ਸਿਖ ਆਇਆ ਤੇ ਮੱਥਾ ਟੇਕ ਕੇ ਨੇੜੇ ਹੀ ਬੈਠ ਗਿਆ। ਥੋੜੇ ਚਿਰ ਪਿਛੋਂ ਓਪਰਾ ਆਦਮੀ ਜਾਣ ਕੇ ਝੱਬਰ ਜੀ ਨੇ ਉਸ ਨੂੰ ਪੁਛਿਆ ਕਿ ਭਾਈ ਪ੍ਰੇਮੀਆ, ਤੂੰ ਮੱਥਾ ਟੇਕ ਲਿਆ ਹੈ, ਹੁਣ ਤੂੰ ਜਿਧਰ ਜਾਣਾ ਹੈ ਜਾਹ। ਉਹ ਪ੍ਰੇਮੀ ਬੋਲਿਆ, "ਖਾਲਸਾ ਜੀ, ਮੈਂ ਤਾਂ ਹੋਰ ਕਿਤੇ ਨਹੀਂ ਜਾਣਾ, ਜਿਥੇ ਜਾਣਾ ਸੀ, ਮੈਂ ਪਹੁੰਚ ਗਿਆ ਹਾਂ।" ਝੱਬਰ ਜੀ ਨੇ ਕਿਹਾ, "ਭਾਈ ਏਥੇ ਤੇਰਾ ਕੀ ਕੰਮ ਹੈ?" ਪ੍ਰੇਮੀ ਬੋਲਿਆ, "ਮੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੁਕਮ ਹੈ ਕਿ ਤੂੰ ਜਾ ਕੇ ਜਥੇ ਵਿਚ ਸ਼ਾਮਲ ਹੋ, ਤੇ ਗੁਰਦਵਾਰਿਆਂ ਦੀ ਸੇਵਾ ਕਰ। ਤੁਸੀਂ ਮੇਰੀ ਕਹਾਣੀ ਸੁਣੋ।" ਪੁਛਣ ਤੇ ਇਸ ਆਪਣਾ ਨਾਮ ਵਰਿਆਮ ਸਿੰਘ ਅਤੇ ਪਿੰਡ ਭੋਜੀਆਂ ਜ਼ਿਲਾ ਮਿੰਟਗੁਮਰੀ ਦਸਿਆ ਤੇ ਆਪਣੀ ਕਹਾਣੀ ਇਉਂ ਸੁਣਾਈ :

"ਕਲ੍ਹ ਦੀ ਗੱਲ ਹੈ ਕਿ ਮੈਂ ਆਪਣੇ ਘਰ ਸੁੱਤਾ ਪਿਆ ਸੀ, ਅੰਮ੍ਰਿਤ ਵੇਲੇ ਮੇਰੇ ਘਰ ਸ੍ਰੀ ਕਲਗੀਧਰ ਜੀ ਆਏ ਤੇ ਮੈਨੂੰ ਬਾਹੋਂ ਪਕੜ ਕੇ ਉਠਾ ਕੇ ਆਖਿਆ, 'ਭਾਈ ਸਿਖਾ ਜਾਗ, ਹੁਣ ਸੌਣ ਦਾ ਵੇਲਾ ਨਹੀਂ, ਜਾਹ ਤੂੰ ਅਕਾਲੀ ਸਿੰਘਾਂ ਨਾਲ ਰਲ ਕੇ ਗੁਰਦੁਆਰਿਆਂ ਦੀ ਸੇਵਾ ਕਰ।' ਮੈਂ ਸੋਚੀਂ ਪੈ ਗਿਆ ਕਿ ਇਹ ਕੀ ਹੁਕਮ ਹੋਇਆ ਹੈ? ਉਹ ਅਕਾਲੀ ਕਿਥੇ ਤੇ ਕੌਣ ਹਨ। ਸਾਡੇ ਪਿੰਡ ਭਾਈ ਹੇਮ ਸਿੰਘ ਹਵਾਲਦਾਰ ਪੈਨਸ਼ਨਰ ਰਹਿੰਦਾ ਹੈ, ਉਸ ਪਾਸ ਅਖ਼ਬਾਰ ਆਉਂਦਾ ਹੈ। ਮੈਂ ਭਾਈ ਹੇਮ ਸਿੰਘ ਨੂੰ ਜਾ ਕੇ ਪੁਛਿਆ ਤਾਂ ਉਸ ਨੇ ਮੈਨੂੰ ਦਸਿਆ ਕਿ ਅਕਾਲੀ ਸਿੰਘ ਨਵੇਂ ਨਿਕਲੇ ਹਨ, ਤੇ ਉਨ੍ਹਾਂ ਵੱਡੇ ਵੱਡੇ ਗੁਰਦਵਾਰੇ ਮੱਲ ਲਏ ਹਨ ਤੇ ਤਖ਼ਤ ਸਾਹਿਬ ਰਹਿੰਦੇ ਹਨ। ਤੂੰ ਸ੍ਰੀ ਅੰਮ੍ਰਿਤਸਰ ਜਾ ਕੇ ਉਨ੍ਹਾਂ ਨਾਲ ਮਿਲ ਕੇ ਸੇਵਾ ਕਰ, ਤੈਨੂੰ ਗੁਰੂ ਸਾਹਿਬ ਜੀ ਨੇ ਆਪ ਆ ਕੇ ਹੁਕਮ ਕੀਤਾ ਹੈ। ਉਸ ਨੇ ਇਕ ਰੁਪਿਆ ਕੋਲੋਂ ਕਰਾਏ ਲਈ ਭੀ ਦਿਤਾ। ਮੈਂ ਘਰ ਨਹੀਂ ਗਿਆ ਕਿ ਮਤੇ ਘਰ ਦੇ ਜਾਣ ਨਾ ਦੇਣ। ਮੈਂ ਤਾਂਦਲਿਆਂ ਵਾਲੇ ਆਕੇ ਪ੍ਰਸ਼ਾਦ ਛਕਿਆ ਤੇ ਬਾਕੀ ਪੈਸਿਆਂ ਦਾ ਜੜਾਂਵਾਲੇ ਦਾ ਟਿਕਟ ਲੀਤਾ। ਮੇਰੀ ਗੱਡੀ ਜੜਾਂਵਾਲੇ ਪੁਜੀ ਤਾਂ ਬੜੇ ਸਿੰਘ ਖਲੋਤੇ ਲਾਹੌਰ ਵਾਲੀ ਗੱਡੀ ਨੂੰ ਉਡੀਕ ਰਹੇ ਸੀ। ਮੈਂ ਪੁਛਿਆ ਕਿ ਤੁਸੀਂ ਏਥੇ ਕੀ ਕਰ ਰਹੇ ਹੋ, ਤਾਂ ਉਨ੍ਹਾਂ ਦਸਿਆ ਕਿ ਸਾਡੇ ਸਿੰਘ ਸ੍ਰੀ ਅੰਮ੍ਰਿਤਸਰ ਅਕਾਲੀਆਂ ਦਾ ਪਤਾ ਕਰਨ ਗਏ ਹੋਏ ਹਨ। ਖ਼ਬਰਾਂ ਸੁਣਨ ਲਈ ਉਨ੍ਹਾਂ ਨੂੰ ਉਡੀਕ ਰਹੇ ਹਾਂ। ਮੈਂ ਉਨ੍ਹਾਂ ਨੂੰ ਆਪਣੀ ਸਾਰੀ ਕਥਾ ਸੁਣਾਈ ਤੇ ਕਿਹਾ ਕਿ ਮੈਂ ਉਨ੍ਹਾਂ ਕੋਲ ਜਾਣਾ ਹੈ। ਇਕ ਸਿੰਘ ਨੇ ਬਾਹੜੀਆਂ ਵਾਲੇ ਦਾ ਟਿਕਟ ਮੈਨੂੰ ਲਿਆ ਦਿੱਤਾ ਤੇ ਆਖਿਆ ਕਿ ਜਥੇਦਾਰ ਝੱਬਰ ਸੱਚੇ ਸੌਦੇ ਰਹਿੰਦਾ ਹੈ, ਤੂੰ ਜਾ ਕੇ ਉਨ੍ਹਾਂ ਦੇ ਜਥੇ ਵਿਚ ਸ਼ਾਮਲ ਹੋ ਜਾ। ਮੈਂ ਬਾਹੜੀਆਂ ਵਾਲੇ ਉਤਰ ਕੇ ਰਾਤ ਮਹਾਰਾਣੀ ਨਕੈਣ ਦੇ ਗੁਰਦੁਆਰੇ ਸ਼ੇਖ਼ੂਪੁਰੇ ਆਇਆ। ਮਹੰਤ ਨੇ ਨਾ ਮੈਨੂੰ ਰੋਟੀ ਦਿੱਤੀ ਤੇ ਨਾ ਹੀ ਮੰਜੀ ਕਪੜਾ ਦਿਤਾ, ਮੈਂ ਰਾਤ ਡਿਉੜੀ ਦੀ ਇਕ ਗੁਠ ਵਿਚ ਬਿਨਾਂ ਕਪੜੇ ਦੇ ਕੱਟੀ। ਦਿਨ ਚੜ੍ਹੇ ਮੈਨੂੰ ਬਜ਼ਾਰ ਵਿਚ ਭਾਈ ਜਗਤ ਸਿੰਘ ਬਜ਼ਾਜ਼ ਮਿਲਿਆ। ਮੇਰੀ ਰਾਤ ਦੀ ਗੱਲ ਸੁਣ ਕੇ ਆਪਣੇ ਘਰ ਲੈ ਗਿਆ ਤੇ ਚਾਹ ਬਣਾ ਕੇ ਛਕਾਈ ਅਤੇ ਦੋ ਆਨੇ ਦੇ ਪੈਸੇ ਦਿਤੇ ਤੇ ਮੈਂ ਗੱਡੀ ਚੜ੍ਹ ਕੇ ਸ਼ੇਖ਼ੂਪੁਰੇ ਤੋਂ ਚੂਹੜਕਾਣੇ ਉਤਰ ਕੇ ਆਪ ਜੀ ਦੇ ਪਾਸ ਪੁੱਜਾ ਹਾਂ। ਤੁਸੀਂ ਮੈਨੂੰ ਅਕਾਲੀ ਬਣਾਓ।"

ਝੱਬਰ ਨੇ ਕਿਹਾ, "ਭਾਈ ਵਰਿਆਮ ਸਿੰਘ ਜੀ! ਤੁਸੀਂ ਸਾਨੂੰ ਹੇਮ ਸਿੰਘ ਹੌਲਦਾਰ ਦਾ ਪੂਰਾ ਪੂਰਾ ਪਤਾ ਲਿਖਾਓ। ਅਸੀਂ ਉਹਨੂੰ ਚਿੱਠੀ ਲਿਖਦੇ ਹਾਂ, ਜੇ ਉਸ ਨੇ ਤੁਹਾਡੀ ਦਸੀ ਕਹਾਣੀ ਦੀ ਪ੍ਰੋੜ੍ਹਤਾ ਕੀਤੀ ਤਾਂ ਅਸੀਂ ਤੁਹਾਡੀ ਸਾਰੀ ਗੱਲ ਤੇ ਇਤਬਾਰ ਕਰਾਂਗੇ, ਕਿਉਂਕਿ ਤੁਸਾਨੂੰ ਅਸੀਂ ਜਾਣਦੇ ਨਹੀਂ।" ਵਰਿਆਮ ਸਿੰਘ ਨੇ ਪਤਾ ਦਸਿਆ ਤਾਂ ਉਸੇ ਵੇਲੇ ਭਾਈ ਹੇਮ ਸਿੰਘ ਜੀ ਨੂੰ ਚਿੱਠੀ ਲਿਖ ਦਿਤੀ ਗਈ। ਇਸ ਦਾ ਪੰਜਵੇਂ ਦਿਨ ਉਤਰ ਆਇਆ



www.AKJ.Org

ਕਿ ਭਾਈ ਵਰਿਆਮ ਸਿੰਘ ਸਾਡੇ ਪਿੰਡ ਦਾ ਹੈ ਤੇ ਇਸ ਨੇ ਜੋ ਕੁਝ ਤੁਹਾਨੂੰ ਆਖਿਆ ਹੈ, ਉਹ ਠੀਕ ਹੈ। ਚਿੱਠੀ ਪੜ੍ਹ ਕੇ ਸਿੰਘ ਬੜੇ ਖ਼ੁਸ਼ ਹੋਏ। ਭਾਈ ਵਰਿਆਮ ਸਿੰਘ ਜੀ ਨੇ ੧੫ ਦਿਨ ਗੁਰੂ ਕੇ ਲੰਗਰ ਵਿਚ ਫੁਲਕੇ ਪਕਾਣ ਦੀ ਸੇਵਾ ਕੀਤੀ।

ਪੰਜੇ ਸਾਹਿਬ ਰਹਿੰਦਿਆਂ, ਇਕ ਬੂਟਾ ਸਿੰਘ ਨਾਮੇ ਸਿਖ ਝੱਬਰ ਦੇ ਪਾਸ ਰਿਹਾ ਸੀ। ਇਹ ਪੋਠੋਹਾਰੀ ਪ੍ਰੇਮੀ ਘਰੋਂ ਸਿਧਾ ਸ੍ਰੀ ਨਨਕਾਣੇ ਸਾਹਿਬ ਪੁਜਾ ਅਤੇ ਉਨ੍ਹੀਂ ਦਿਨੀਂ ਹੀ ਜਦੋਂ ਭਾਈ ਵਰਿਆਮ ਸਿੰਘ ਸਚੇ ਸੌਦੇ ਆਇਆ, ਇਸ ਨੇ ਇਥੇ ਆ ਕੇ ਆਪਣੀ ਬੀਤੀ ਇਉਂ ਸੁਣਾਈ :

"ਝੱਬਰ ਜੀ! ਮੈਂ ਨਨਕਾਣੇ ਸਾਹਿਬ ਜਾ ਕੇ ਰਾਤ ਰਿਹਾ। ਸਵੇਰੇ ਉਠ ਕੇ ਸਰੋਵਰ ਤੋਂ ਇਸ਼ਨਾਨ ਕਰ ਕੇ ਮੱਥਾ ਟੇਕਣ ਜਾ ਰਿਹਾ ਸੀ, ਤਾਂ ਦੋ ਪਠਾਣਾਂ ਨੇ ਮੈਨੂੰ ਪਕੜ ਲਿਆ। ਮੇਰੀ ਤਲਾਸ਼ੀ ਲੈ ਕੇ ਮੇਰੇ ਪੰਜ ਰੁਪਏ ਤੇ ਗਾਤਰੇ ਵਾਲੀ ਕਿਰਪਾਨ ਖੋਹ ਲਈ। ਮੈਂ ਮਹੰਤ ਨਰੈਣ ਦਾਸ ਕੋਲ ਬੈਠਕ ਵਿਚ ਗਿਆ ਤੇ ਜਾ ਕੇ ਕਿਹਾ ਕਿ ਪਠਾਣਾਂ ਨੇ ਮੇਰੇ ਪੰਜ ਰੁਪਏ ਤੇ ਕਿਰਪਾਨ ਖੋਹ ਲਈ ਹੈ। ਮਹੰਤ ਨੇ ਮੈਨੂੰ ਪੁਛਿਆ ਕਿ ਤੂੰ ਕਿਥੋਂ ਆਇਆ ਹੈਂ ? ਮੈਂ ਕਿਹਾ, ਪੰਜੇ ਸਾਹਿਬ ਤੋਂ। ਮੇਰੀ ਗੱਲ ਸੁਣ ਕੇ ਮਹੰਤ ਨੇ ਆਖਿਆ, 'ਤੂੰ ਏਥੇ ਆਇਆ ਹੀ ਕਿਉਂ ਸੀ, ਏਥੇ ਕੋਈ ਮੇਲਾ ਸੀ ?' ਮਹੰਤ ਨੇ ਮੇਰੀ ਕੋਈ ਗੱਲ ਨਾ ਸੁਣੀ। ਅਖ਼ੀਰ ਮੈਂ ਚਲਾ ਆਇਆ। ਮੈਨੂੰ ਇਕ ਸ਼ਹਿਰ ਦੇ ਸਿੰਘ ਨੇ ਦਸਿਆ ਕਿ 'ਮਹੰਤ ਨੇ ਇਹ ਪਠਾਣ ਨੌਕਰ ਰਖੇ ਹੋਏ ਹਨ, ਜੋ ਕਿਰਪਾਨ-ਧਾਰੀ ਸਿਖ ਆਵੇ, ਉਸ ਨੂੰ ਇਹ ਇਸੇ ਤਰ੍ਹਾਂ ਬੇਇਜ਼ਤ ਕਰਦੇ ਹਨ। ਕਲ੍ਹ ਭਾਈ ਸੰਤ ਸਿੰਘ ਪੰਸਾਰੀ ਨੂੰ ਮਹੰਤ ਨੇ ਜੁਤੀਆਂ ਮਾਰੀਆਂ ਸਨ। ਏਥੇ ਸਿਖਾਂ ਨਾਲ ਬਹੁਤ ਬੁਰੀ ਹੁੰਦੀ ਹੈ, ਤੂੰ ਏਥੋਂ ਚਲਾ ਜਾਹ।' ਮੈਂ ਨਨਕਾਣੇ ਸਾਹਿਬ ਤੋਂ ਪੈਦਲ ਚਲ ਕੇ ਆਇਆ ਹਾਂ, ਕਿਉਂਕਿ ਮੇਰੇ ਪਾਸ ਕਰਾਇਆ ਨਹੀਂ ਸੀ।"

ਇਹ ਗੱਲ ਸੁਣ ਕੇ ਝੱਬਰ ਨੇ ਭਾਈ ਵਰਿਆਮ ਸਿੰਘ ਜੀ ਨੂੰ ਨਨਕਾਣੇ ਸਾਹਿਬ ਆਪਣਾ ਬਿਜਲਾ ਸਿੰਘ ਭਾਵ ਗੁਪਤਚਰ ਮੁਕੱਰਰ ਕਰਕੇ ਘਲਿਆ, ਤੇ ਸਮਝਾਇਆ ਕਿ ਉਥੇ ਭਾਈ ਉਤਮ ਸਿੰਘ ਕਾਰਖ਼ਾਨੇ ਵਾਲਾ ਹੈ, ਜਦ ਤੈਨੂੰ ਕੋਈ ਲੋੜ ਪਵੇ, ਤੂੰ ਉਸ ਪਾਸ ਜਾਣਾ ਤੇ ਉਸ ਨੂੰ ਆਪਣਾ ਸਾਰਾ ਭੇਤ ਵੀ ਦਸ ਦੇਣਾ, ਕਹਿਣਾ ਕਿ ਮੈਨੂੰ ਝੱਬਰ ਨੇ ਘਲਿਆ ਹੈ। ਭਾਈ ਵਰਿਆਮ ਸਿੰਘ ਨੇ ਗੇਰੂ ਰੰਗ ਮੰਗਵਾ ਕੇ ਕਪੜੇ ਰੰਗ ਲਏ। ਅਗਲੇ ਦਿਨ ਉਦਾਸੀ ਸਾਧੂ ਬਣ ਕੇ ਨਨਕਾਣੇ ਸਾਹਿਬ ਪੁਜ ਗਿਆ। ਲੰਗਰੋਂ ਪ੍ਰਸ਼ਾਦਾ ਛਕ ਕੇ ਉਥੇ ਹੀ ਫਿਰਦਾ ਟੁਰਦਾ ਦਿਨ ਗੁਜ਼ਾਰ ਛਡਦਾ ਅਤੇ ਆਪਣੀ ਖ਼ਬਰ ਜੋ ਪਤਾ ਲਗੇ, ਲਿਖਦਾ ਰਿਹਾ। ਇਕ ਹਫ਼ਤੇ ਪਿਛੋਂ ਮਹੰਤ ਦੇ ਆਦਮੀ ਇਸ ਨੂੰ ਤਾੜ ਗਏ ਤੇ ਪੁਛਿਆ ਕਿ ਤੂੰ ਕਿਹੜੀ ਸ਼੍ਰੇਣੀ ਦਾ ਉਦਾਸੀ ਹੈਂ। ਇਹ ਦੱਸ ਨਾ ਸਕਿਆ। ਉਨ੍ਹਾਂ ਤਾੜਿਆ, ਤੇ ਕਿਹਾ, "ਜੇ ਭਲਾਮਾਣਸ ਹੈਂ, ਤਾਂ ਏਥੋਂ ਚਲਾ ਜਾਹ।"

ਉਤਰ ਵਿਚ ਭਾਈ ਵਰਿਆਮ ਸਿੰਘ ਨੇ ਆਖਿਆ ਕਿ "ਭਾਈ, ਮੈਂ ਤਾਂ ਨਵਾਂ ਨਵਾਂ ਸਾਧੂ ਬਣਿਆ ਸੀ। ਚੰਗਾ ਜੇ ਤੁਸੀਂ ਨਹੀਂ ਰਹਿਣ ਦਿੰਦੇ ਤਾਂ ਮੈਂ ਗ੍ਰਹਿਸਤੀ ਬਣ ਜਾਂਦਾ ਹਾਂ। ਕਿਸੇ ਦੀ ਨੌਕਰੀ ਕਰ ਕੇ ਗੁਜ਼ਾਰਾ ਕਰ ਲਵਾਂਗੇ।" ਫਿਰ ਇਹ ਭਾਈ ਉਤਮ ਸਿੰਘ ਪਾਸ ਗਿਆ, ਤੇ ਉਸ ਨੂੰ ਸਾਰੀ ਹੱਡ-ਬੀਤੀ ਸੁਣਾਈ। ਭਾਈ ਉਤਮ ਸਿੰਘ ਨੇ ਇਕ ਕਾਪੀ ਤੇ ਪੈਨਸਲ ਦਿਤੀ ਤੇ ਕਿਹਾ ਕਿ ਤੂੰ ਕਪੜੇ ਚਿਟੇ ਕਰ ਲੈ, ਤੇ ਜਿਥੇ ਮਰਜ਼ੀ ਹੋਵੇ, ਫਿਰ ਕੇ ਆਪਣਾ ਕੰਮ ਕਰਿਆ ਕਰ। ਜੇ ਕੋਈ ਪੁਛੇ ਤਾਂ ਕਹਿਣਾ ਕਿ ਮੈਂ ਸ: ਉਤਮ ਸਿੰਘ ਦਾ ਮੁਨਸ਼ੀ ਹਾਂ। ਪ੍ਰਸ਼ਾਦ ਦੇ ਵਕਤ ਸਾਡੇ ਘਰ ਆ ਜਾਣਾ ਅਤੇ ਛਕ ਜਾਇਆ ਕਰਨਾ। ਹੁਣ ਵਰਿਆਮ ਸਿੰਘ ਜੀ ਮੁਨਸ਼ੀ ਬਣ ਕੇ ਰਹਿਣ ਲਗੇ ਅਤੇ ਸਚੇ ਸੌਦੇ ਆਪਣੀ ਰੀਪੋਰਟ ਭੇਜਦੇ ਰਹਿੰਦੇ। ਇਕ ਚਿਠੀ ਵਿਚ ਸਿੰਧ ਦੀ ੧੨-੧੩ ਸਾਲ ਦੀ ਕੰਨਿਆ ਦਾ ਗੁਰਦੁਆਰੇ ਅੰਦਰ ਪੁਜਾਰੀ ਸਾਧੂ ਨੇ ਜਿਵੇਂ ਜਬਰੀ ਸਤ ਭੰਗ ਕੀਤਾ, ਸਾਰੀ ਕਹਾਣੀ ਲਿਖੀ। ਦੂਜੀ ਵਿਚ ਮਹੰਤ ਨੇ ਮੁਕਤਸਰ ਤੋਂ ਜੋ ੫੦੦ ਸਾਧੂ ਆਪਣੀ ਰਾਖੀ ਲਈ ਮੰਗਾਇਆ ਸੀ, ਉਹ ਭੀ ਲਿਖਿਆ। ਜਦ ਸਾਧੂਆਂ ਨੂੰ ਦਸਿਆ ਗਿਆ ਕਿ ਏਥੇ ਅਕਾਲੀਆਂ ਨੇ ਕਬਜ਼ਾ ਕਰਨ ਲਈ ਆਉਣਾ ਹੈ ਤੇ ਤੁਹਾਨੂੰ ਉਨ੍ਹਾਂ ਨਾਲ ਲੜਾਉਣਾ ਹੈ ਤਾਂ ਉਨ੍ਹਾਂ ਸਾਧੂਆਂ ਨੇ ਆਪਸ ਵਿਚ ਬੈਠ ਕੇ ਵੀਚਾਰ ਕੀਤੀ ਕਿ ਸਾਨੂੰ ਕੀ ਲੋੜ ਹੈ ਕਿ ਅਕਾਲੀਆਂ ਨਾਲ ਲੜੀਏ। ਇਨ੍ਹਾਂ ਨੇ



www.AKJ.Org

ਮਹੰਤ ਨੂੰ ਆਪਣੇ ਪਾਸ ਬੁਲਾ ਕੇ ਆਖਿਆ, "ਅਸਾਂ ਸੁਣਿਆ ਹੈ ਕਿ ਏਥੇ ਸਿੰਘਾਂ ਨੇ ਕਬਜ਼ਾ ਕਰਨ ਲਈ ਆਉਣਾ ਹੈ, ਜੇ ਤੂੰ ਗੁਰਦੁਆਰਾ ਉਦਾਸੀ ਭੇਖ ਦੀ ਕਮੇਟੀ ਨੂੰ, ਜੋ ਅਸੀਂ ਬਣਾਈ ਹੈ, ਦੇ ਦੇਵੇਂ, ਤਾਂ ਅਸੀਂ ਏਥੇ ਰਹਿੰਦੇ ਹਾਂ। ਜੇ ਤੂੰ ਸਾਡੀ ਕਮੇਟੀ ਨਾ ਮੰਨੇ ਤਾਂ ਸਾਨੂੰ ਕੀ ਲੋੜ ਹੈ ਕਿ ਅਸੀਂ ਅਕਾਲੀਆਂ ਨਾਲ ਲੜ ਕੇ ਸਿਰ ਪੜਵਾਈਏ।" ਮਹੰਤ ਨਰੈਣ ਦਾਸ ਨੇ ਇਨਕਾਰ ਕਰ ਦਿਤਾ ਤੇ ਸਾਧੂ ਅਗਲੇ ਦਿਨ ਕੂਚ ਕਰ ਗਏ। ਤੀਜੀ ਚਿੱਠੀ ਵਿਚ ਉਸ ਨੇ ਲਿਖਿਆ ਕਿ ਮਹੰਤ ਨਰੈਣ ਦਾਸ ਲਾਹੌਰ ਹਿੰਦੂ ਲੀਡਰਾਂ ਪਾਸ ਗਿਆ ਹੈ। ੩੦੦੦ ਰੁਪਏ ਲਾਲਾ ਲਾਜਪਤ ਰਾਇ ਨੂੰ 'ਬੰਦੇ ਮਾਤ੍ਰਮ' ਅਖ਼ਬਾਰ ਵਾਸਤੇ ਸਹਾਇਤਾ ਦਿਤੀ ਹੈ, ਤੇ ਆਖਿਆ ਹੈ ਕਿ ਮੇਰੀ ਮਦਦ ਕਰੋ। ਲਾਹੌਰ ਲਾਲਾ ਲਾਜਪਤ ਰਾਇ ਦੀ ਕੋਠੀ ਵਿਚ ਮੀਟਿੰਗ ਹੋ ਕੇ ਨਨਕਾਣੇ ਸਾਹਿਬ ਵਾਸਤੇ ਹਿੰਦੂ ਲੀਡਰਾਂ ਦਾ ਇਕ ਟ੍ਰਸਟ ਬਣਾਇਆ ਗਿਆ ਤੇ ਅਦਾਲਤ ਵਿਚ ਰਜਿਸਟ੍ਰਡ ਹੋਣਾ ਪਾਸ ਹੋਇਆ। ਸਾਰੀ ਗੱਲ ਬਾਤ ਹੋ ਜਾਣ ਦੇ ਮਗਰੋਂ ਮਹੰਤ ਨੇ ਕਿਹਾ, "ਲਾਲਾ ਜੀ! ਟ੍ਰਸਟ ਦੇ ਮੈਂਬਰ ਤਾਂ ਤੁਸਾਂ ਸਾਰੇ ਲਾਹੌਰ ਦੇ ਰਹਿਣ ਵਾਲੇ ਬਣਾਏ ਹਨ। ਜਦ ਉਥੇ ਅਕਾਲੀਆਂ ਦੇ ਜਥੇ ਕਬਜ਼ਾ ਕਰਨ ਲਈ ਆਉਣਗੇ ਤਾਂ ਉਨ੍ਹਾਂ ਨੂੰ ਕੌਣ ਰੋਕੇਗਾ?" ਉਤਰ ਵਿਚ ਲਾਲਾ ਜੀ ਨੇ ਆਖਿਆ ਕਿ ਜਥਿਆਂ ਨੂੰ ਰੋਕਣਾ ਟ੍ਰਸਟ ਦਾ ਕੰਮ ਨਹੀਂ, ਉਨ੍ਹਾਂ ਨੂੰ ਤਾਂ ਤੁਸਾਂ ਨੇ ਹੀ ਰੋਕਣਾ ਹੈ। ਮਹੰਤ ਨੇ ਕਿਹਾ ਤਾਂ ਫਿਰ ਮੈਨੂੰ ਗੁਰਗੁਆਰੇ ਦਾ ਟ੍ਰਸਟ ਬਣਾਉਣ ਦੀ ਲੋੜ ਨਹੀਂ। ੩੦੦੦ ਰੁਪਿਆ ਬੰਦੇ ਮਾਤ੍ਰਮ ਵਾਲਾ ਤਾਂ ਲਾਲਾ ਜੀ ਪਾਸ ਰਿਹਾ ਅਤੇ ਮਹੰਤ ਉਥੋਂ ਉਠ ਆਇਆ ਤੇ ਟ੍ਰਸਟ ਏਥੇ ਹੀ ਖ਼ਤਮ ਹੋ ਗਿਆ। ਇਸ ਦੌਰਾਨ ਵਿਚ ਝੱਬਰ ਜੀ ਦੇ ਇਕ ਹੋਰ ਸੂਹੀਏ* ਸ: ਅਵਤਾਰ ਸਿੰਘ ਨੇ ਖ਼ਬਰ ਦਿਤੀ ਕਿ ਮਹੰਤ ਨਰੈਣ ਦਾਸ ਅਤੇ ਉਸ ਦੇ ਹੋਰ ਸਾਥੀ ਉਦਾਸੀ ਮਹੰਤਾਂ ਨੇ ਪੰਜਾਹ ਹਜ਼ਾਰ ਰੁਪਿਆ ਇਕੱਠਾ ਕਰ ਕੇ ਲਾਹੌਰ ਦੇ ਕ੍ਰਮਿਸ਼ਨਰ ਕਿੰਗ ਸਾਹਿਬ ਨੂੰ ਦਿਤਾ ਹੈ ਅਤੇ ਉਸ ਨੂੰ ਆਪਣੇ ਹੱਥਾਂ ਵਿਚ ਕਰ ਲਿਆ ਹੈ। ਫਿਰ ਜਦੋਂ ਫ਼ਰਵਰੀ ਦੇ ਅਰੰਭ ਵਿਚ ਝੱਬਰ ਜੀ ਲਾਹੌਰ 'ਅਕਾਲੀ' ਅਖ਼ਬਾਰ ਦੇ ਪ੍ਰੈਸ ਤੋਂ ਸੱਚੇ ਸੌਦੇ ਦੇ ੭-੮-੯ ਫ਼ਰਵਰੀ ਨੂੰ ਹੋਣ ਵਾਲੇ ਮੇਲੇ ਦੇ ਇਸ਼ਤਿਹਾਰ ਲੈਣ ਦੇ ਸੰਬੰਧ ਵਿਚ ਪੁਜੇ ਤਾਂ ਉਨ੍ਹਾਂ ਨੂੰ ਸ: ਪ੍ਰਤਾਪ ਸਿੰਘ ਸੇਖੋਂ ਐਡੀਟਰ ਅਕਾਲੀ ਨੇ ਕਿੰਗ ਕਮਿਸ਼ਨਰ ਵਲੋਂ ਜਾਰੀ ਕੀਤੀ ਗਈ ਇਕ ਚਿੱਠੀ ਦਿਤੀ, ਜਿਸ ਵਿਚ ਉਸ ਨੇ ਗੁਰਦਵਾਰਿਆਂ ਦੇ ਮਹੰਤਾਂ ਦੀ ਹੌਸਲਾ-ਅਫ਼ਜ਼ਾਈ ਕਰਦੇ ਹੋਏ, ਉਨ੍ਹਾਂ ਨੂੰ ਖ਼ਰਚ ਭਰਨ ਪੁਰ ਪੁਲੀਸ ਦੀ ਰਾਖੀ ਦਾ ਭਰੋਸਾ ਦਿਵਾਇਆ ਸੀ ਅਤੇ ਨਾਲ ਹੀ ਫ਼ੌਜਦਾਰੀ ਅਦਾਲਤਾਂ ਰਾਹੀਂ ਆਪਣੇ ਗੁਰਦਵਾਰੇ ਅਤੇ ਸੰਬੰਧਤ ਜਾਇਦਾਦਾਂ ਮਹਿਫੂਜ਼ ਕਰਨ ਦਾ ਮਸ਼ਵਰਾ ਦਿਤਾ ਸੀ। ਇਸ ਚਿੱਠੀ ਦੀ ਤਸ਼ਰੀਹ ਝੱਬਰ ਜੀ ਨੇ ਸ: ਮਹਿਤਾਬ ਸਿੰਘ, ਜੋ ਉਸ ਸਮੇਂ ਸਰਕਾਰੀ ਵਕੀਲ ਸਨ, ਪਾਸੋਂ ਕਰਵਾਈ ਅਤੇ ਉਨ੍ਹਾਂ ਝੱਬਰ ਜੀ ਨੂੰ ਕਿਹਾ ਕਿ ਤੁਹਾਨੂੰ ਸਭ ਤੋਂ ਪਹਿਲੋਂ ਨਨਕਾਣਾ ਸਾਹਿਬ ਦੇ ਗੁਰਦਵਾਰੇ ਸੰਭਾਲਣੇ ਚਾਹੀਦੇ ਹਨ। ਹੋ ਸਕਦਾ ਹੈ ਸਰਕਾਰ ਛੇਤੀ ਹੀ ਤੁਹਾਨੂੰ ਗ੍ਰਿਫ਼ਤਾਰ ਕਰ ਲਵੇ ਅਤੇ ਗੁਰਦਵਾਰਿਆਂ ਦੇ ਕਬਜ਼ੇ ਹੋਣ ਵਿਚ ਰੋਕ ਪਾ ਦੇਵੇ।

ਜਿਸ ਦਿਨ ਸਿੰਧ ਦੀ ਲੜਕੀ ਦੇ ਗੁਰਦੁਆਰੇ ਦੀ ਡਿਉੜੀ ਦੇ ਕਮਰੇ ਵਿਚ ਸਤ ਭੰਗ ਹੋਣ ਦੀ ਖ਼ਬਰ ਭਾਈ ਵਰਿਆਮ ਸਿੰਘ ਦੀ ਲਿਖੀ ਹੋਈ ਆਈ ਤਾਂ ਸਚੇ ਸੌਦੇ ਝੱਬਰ ਨੇ ਆਪਣੇ ਸਾਥੀਆਂ ਨੂੰ ਇਹ ਖ਼ਬਰ ਸੁਣਾਈ। ਸੁਣ ਕੇ ਭਾਈ ਬਲਵੰਤ ਸਿੰਘ ਮਿਰਜ਼ੇ ਵਾਲਾ, ਜੋ ਕੋਲ ਹੀ ਬੈਠਾ ਸੀ, ਬੋਲਿਆ ਕਿ ਦਸ ਦਿਨ ਦੀ ਗੱਲ ਹੈ, ਸਾਡੇ ਪਿੰਡ ਦੇ ਦੋ ਕੰਬੋ ਸਿੰਘ ਰਾਤ ਗੁਰਦੁਆਰੇ ਰਹੇ ਸੀ। ਇਕ ਨੇ ਗੱਲ ਕੀਤੀ ਕਿ ਐਤਕੀ ਭਾਦਰੋਂ ਦੀ ਮਸਿਆ ਤੇ ਲਾਇਲਪੁਰ ਦੇ ਇਕ ਚੱਕ ਵਿਚੋਂ ੬ ਔਰਤਾਂ ਦੁੱਧ, ਮੱਖਣ ਤੇ ਖੀਰ ਭੇਟ ਕਰਨ ਵਾਸਤੇ ਨਨਕਾਣੇ ਸਾਹਿਬ ਆਈਆਂ। ਵਾਪਸ ਗੱਡੀ ਚੜ੍ਹਨ ਲਈ ਦੇਰੀ ਨਾਲ ਪਹੁੰਚਣ ਕਾਰਨ ਉਹ ਗੱਡੀ ਤੋਂ ਰਹਿ ਗਈਆਂ। ਮੁੜ ਕੇ ਗੁਰਦੁਆਰੇ ਜਨਮ ਅਸਥਾਨ ਆਈਆਂ। ਪੁਜਾਰੀ ਸਾਧੂ ਨੇ, ਜੋ ਗੁਰਦੁਆਰੇ ਦੇ ਅੰਦਰ ਦੱਖਣ ਪਾਸੇ ਦੇ ਕਮਰੇ ਸਨ, ਇਨ੍ਹਾਂ ਵਿਚ ਉਨ੍ਹਾਂ

* ਸ: ਅਵਤਾਰ ਸਿੰਘ ਸ਼ਰੀਕੇ ਵਿਚੋਂ ਝੱਬਰ ਜੀ ਦਾ ਭਤੀਜਾ ਸੀ ਅਤੇ ਸ਼ਿਤਾਬ ਗੜ੍ਹ ਵਿਆਹਿਆ ਹੋਇਆ ਸੀ। ਸ਼ਿਤਾਬ ਗੜ੍ਹੀਏ ਮਹੰਤ ਸੁੰਦਰ ਦਾਸ ਨਾਲ ਇਸ ਦੇ ਚੰਗੇ ਤੁਅੱਲਕਾਤ ਸਨ। ਅਵਤਾਰ ਸਿੰਘ, ਸੁੰਦਰ ਦਾਸ ਹੋਰਾਂ ਨੂੰ ਖ਼ੂਬ ਖੁਆਂਦਾ ਪਿਆਂਦਾ ਰਹਿੰਦਾ ਸੀ ਅਤੇ ਇਸ ਕਰਕੇ ਝੱਬਰ ਜੀ ਨੇ ਇਸਨੂੰ ਮਹੰਤਾਂ ਦੇ ਹੋਰ ਨੇੜੇ ਰਹਿਣ ਅਤੇ ਭੇਤ ਲੈਣ ਲਈ ਹਦਾਇਤ ਕੀਤੀ ਹੋਈ ਸੀ, ਜਿਸ ਨੂੰ ਅਵਤਾਰ ਸਿੰਘ ਨੇ ਬੜੀ ਵਫ਼ਾਦਾਰੀ ਨਾਲ ਨਿਭਾਇਆ।



www.AKJ.Org

ਨੂੰ ਰਹਿਣ ਲਈ ਜਗ੍ਹਾ ਦਿਤੀ ਅਤੇ ਰਾਤ ਨੂੰ ਉਨ੍ਹਾਂ ਛੇਆਂ ਹੀ ਔਰਤਾਂ ਦਾ ਸਾਧੂਆਂ ਨੇ ਸਤ ਭੰਗ ਕੀਤਾ।

**ਗੁਰਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ–**

ਭਾਈ ਵਰਿਆਮ ਸਿੰਘ ਦੀਆਂ ਸ੍ਰੀ ਨਨਕਾਣਾ ਸਾਹਿਬ ਤੋਂ ਭੇਜੀਆਂ ਕੁਝ ਰੀਪੋਟਾਂ ਦਾ ਹਾਲ ਪੜ੍ਹ ਕੇ 'ਅਕਾਲੀ ਦਲ ਖਰਾ ਸੌਦਾ ਬਾਰ' ਦੇ ਸਿੰਘਾਂ ਨੂੰ ਬਹੁਤ ਰੋਹ ਚੜ੍ਹਿਆ। ਫ਼ਰਵਰੀ ੧੯੨੧ ਦੇ ਸ਼ੁਰੂ ਦੀ ਗੱਲ ਹੈ ਕਿ ਗੁ: ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਮੀਟਿੰਗ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਖੜੇ ਹੋ ਕੇ ਝੱਬਰ ਨੇ ਇਹ ਤਕਰੀਰ ਕੀਤੀ :

ਖਾਲਸਾ ਜੀ, ਅਰਸਾ ਇਕ ਮਹੀਨੇ ਦਾ ਹੋਇਆ ਹੈ, ਕਿ ਸਿੰਧ ਵਿਚੋਂ ਇਕ ਪ੍ਰੇਮੀ, ਜੋ ਸੈਸ਼ਨ ਜੱਜ ਸੀ ਤੇ ਪੈਨਸ਼ਨ ਹੋ ਕੇ ਪੰਜਾਬ ਵਿਚ ਆਪਣੇ ੩੦-੩੪ ਜੀਆਂ ਦੇ ਪ੍ਰਵਾਰ ਸਹਿਤ ਗੁਰਦਵਾਰਿਆਂ ਦੇ ਦਰਸ਼ਨ ਨੂੰ ਆਇਆ। ਬਦਕਿਸਮਤੀ ਨਾਲ ਸਭ ਤੋਂ ਪਹਿਲਾਂ ਉਹ ਸ੍ਰੀ ਨਨਕਾਣੇ ਸਾਹਿਬ ਪੁਜਾ। ਦਰਸ਼ਨ ਕੀਤਾ, ਮਥਾ ਟੇਕਿਆ। ਪੁਜਾਰੀ ਸਾਧੂਆਂ ਨੇ ਇਨ੍ਹਾਂ ਨੂੰ ਰਿਹਾਇਸ਼ ਵਾਸਤੇ ਗੁਰਦਵਾਰੇ ਦੇ ਅੰਦਰ ਦਖਣ ਪਾਸੇ ਜੋ ਕਮਰੇ ਹਨ, ਉਥੇ ਥਾਂ ਦਿਤੀ। ਦਿਨ ਡੁਬ ਗਿਆ ਤਾਂ ਇਨ੍ਹਾਂ ਪੁਜਾਰੀ ਕੋਲੋਂ ਦੀਵਾ ਮੰਗਿਆ। ਦੀਵਾ ਉਸੇ ਕਮਰੇ ਵਿਚ ਪਿਆ ਸੀ, ਸਾਧੂ ਨੇ ਦੇ ਦਿਤਾ, ਪਰ ਇਸ ਵਿਚ ਤੇਲ ਨਹੀਂ ਸੀ। ਸਾਧੂ ਨੇ ਕਿਹਾ, "ਆਉ ਤੇਲ ਲੈ ਲਵੋ।" ਇਹ ਦੀਵਾ ਇਕ ਬਾਰ੍ਹਾਂ ਤੇਰ੍ਹਾਂ ਸਾਲ ਦੀ ਕੰਨਿਆ ਨੇ ਫੜਿਆ ਹੋਇਆ ਸੀ। ਸਾਧੂ ਨੇ ਕਿਹਾ, "ਇਸ ਲੜਕੀ ਨੂੰ ਹੀ ਭੇਜ ਦਿਉ।" ਤਾਂ ਉਹ ਲੜਕੀ ਤੇਲ ਲੈਣ ਗਈ। ਇਸ ਚੰਡਾਲ ਸਾਧੂ ਨੇ ਇਸ ਨਾਬਾਲਗ ਲੜਕੀ ਦਾ ਸਤ ਭੰਗ ਕੀਤਾ ਤੇ ਇਹ ਰੋਂਦੀ ਪਿਟਦੀ ਬਾਹਰ ਆਈ। ਗੁਰਦਵਾਰਾ ਜਨਮ ਅਸਥਾਨ ਵਿਚ ਇਸ ਵੇਲੇ ਰਹਿਰਾਸ ਦਾ ਪਾਠ ਹੋ ਰਿਹਾ ਸੀ। ਸੰਗਤ ਇਸ ਘੋਰ ਅਪ੍ਰਾਧ ਨੂੰ ਵੇਖ ਕੇ ਹੈਰਾਨ ਰਹਿ ਗਈ। ਰੌਲਾ ਪੈਣ ਲਗ ਪਿਆ। ਉਹ ਸਿੰਧੀ ਪ੍ਰਦੇਸੀ ਰੋਣ ਪਿੱਟਣ ਲਗਾ। ਮਹੰਤ ਨਰੈਣ ਦਾਸ ਨੂੰ, ਜੋ ਉਸ ਵੇਲੇ ਬੈਠਕ ਵਿਚ ਸੀ, ਪਤਾ ਲਗਾ। ਇਹ ਭੀ ਦੱਸ ਬਾਰ੍ਹਾਂ ਬੰਦਿਆਂ ਸਮੇਤ ਆਇਆ। ਸਿੰਧੀ ਆਪਣੀ ਲੜਕੀ ਨੂੰ ਲੈ ਕੇ ਛੇਤੀ ਛੇਤੀ ਗੁਰਦਵਾਰੇ ਵਿਚੋਂ ਨਿਕਲ ਕੇ ਮੰਡੀ ਨੂੰ ਤੁਰ ਪਏ। ਮਹੰਤ ਨੇ ਉਸ ਵੇਲੇ ਆਪਣੇ ਬਦਮਾਸ਼ਾਂ ਨੂੰ ਕਿਹਾ ਤੇ ਇਹ ਗੁੰਡੇ ਲੜਕੀ ਨੂੰ ਧੱਕੇ ਨਾਲ ਚੁਕ ਕੇ ਲੈ ਗਏ। ਸਿੰਧੀ ਹੋਰ ਘਬਰਾਇਆ ਤੇ ਬੋਹੜਾਂ ਦੇ ਥਲੇ ਸਰੋਵਰ ਦੇ ਕੰਢੇ ਬੈਠ ਕੇ ਸਾਰੀ ਰਾਤ ਸਾਰਾ ਪਰਵਾਰ ਰੋਂਦਾ ਰਿਹਾ। ਸਵੇਰੇ ਮਹੰਤ ਨੇ ਆਖਿਆ ਕਿ ਜੇ ਤੁਸੀਂ ਗੱਡੀ ਚੜ੍ਹ ਜਾਵੋ ਤਾਂ ਮੈਂ ਤੁਹਾਨੂੰ ਲੜਕੀ ਸਟੇਸ਼ਨ ਤੇ ਦੇ ਦੇਵਾਂਗਾ। ਉਹ ਗਰੀਬ ਘਬਰਾ ਗਏ। ਇਹ ਗੱਲ ਮੰਨ ਕੇ ਗੱਡੀ ਵਿਚ ਬੈਠੇ। ਮਹੰਤ ਨੇ ਉਥੇ ਆਪਣੇ ਆਦਮੀਆਂ ਦੇ ਹੱਥ ਲੜਕੀ ਘਲ ਦਿਤੀ ਤੇ ਸਿੰਧੀ ਲੈ ਕੇ ਵਾਪਸ ਚਲੇ ਗਏ। ਇਸੇ ਤਰ੍ਹਾਂ ਲਾਇਲਪੁਰ ਵਿਚੋਂ ਆਈਆਂ ਛੇ ਔਰਤਾਂ ਦਾ ਸਤ ਭੰਗ ਕਰਨ ਵਾਲੀ ਘਟਨਾ ਵੀ ਸਾਰੀ ਸੁਣਾਈ। ਅਤੇ ਭਾਈ ਬੂਟਾ ਸਿੰਘ ਪੋਠੋਹਾਰੀ ਦੀ ਕਿਰਪਾਨ ਤੇ ਰੁਪਏ ਖੋਹੇ ਜਾਣੇ ਭੀ ਦਸੇ।

ਇਹ ਸਾਰੇ ਵਾਕਿਆਤ ਸੁਣਾ ਕੇ ਝੱਬਰ ਨੇ ਕਿਹਾ—"ਖਾਲਸਾ ਜੀ, ਇਤਨੇ ਅਪ੍ਰਾਧ ਤੇ ਘੋਰ ਪਾਪ ਮਹੰਤ ਕਰ ਰਿਹਾ ਹੈ। ਯਾਤਰੂ ਸਿੰਘਾਂ ਦੀ ਸਖ਼ਤ ਬੇਇਜ਼ਤੀ ਹੋ ਰਹੀ ਹੈ। ਕਮੇਟੀ ਨੇ ਪਾਸ ਕੀਤਾ ਹੋਇਆ ਹੈ ਕਿ ਕਿਤੇ ਭੀ ਕਬਜ਼ਾ ਕਰਨਾ ਹੋਵੇ ਤਾਂ ਆਗਿਆ ਲਈ ਜਾਵੇ। ਸੋ ਮੈਂ ਆਪ ਪਾਸੋਂ ਸ੍ਰੀ ਨਨਕਾਣੇ ਸਾਹਿਬ ਤੇ ਕਬਜ਼ਾ ਕਰਨ ਦੀ ਆਗਿਆ ਲੈਣ ਆਇਆ ਹਾਂ। ਮੈਂ ਆਪ ਪਾਸੋਂ ਇਕ ਪੈਸਾ ਨਹੀਂ ਮੰਗਦਾ ਅਤੇ ਨਾ ਹੀ ਆਦਮੀ ਮੰਗਦਾ ਹਾਂ, ਕੇਵਲ ਆਗਿਆ ਬਖਸ਼ੋ, ਹੁਣ ਦੇਰੀ ਨਹੀਂ ਹੋਣੀ ਚਾਹੀਦੀ।" ਇਹ ਆਖ ਕੇ ਝੱਬਰ ਬੈਠ ਗਿਆ।

ਉਤਰ ਵਿਚ ਸ: ਨਿਹਾਲ ਸਿੰਘ ਸਹਾਵੀਆ ਸਰੰਗੀਆ ਜ਼ਿਲਾ ਸਿਆਲਕੋਟ ਜੱਜ ਹਾਈ ਕੋਰਟ ਪਟਿਆਲਾ ਬੜੇ ਦੁਖ ਭਰੇ ਲਫ਼ਜ਼ਾਂ ਵਿਚ ਬੋਲੇ, "ਝੱਬਰ ਜੀ, ਨਨਕਾਣੇ ਸਾਹਿਬ ਗੁਰਦੁਆਰੇ ਵਿਚ ਹੋ ਰਹੇ ਐਡੇ ਘੋਰ ਪਾਪ ਜੋ ਤੁਸਾਂ ਦਸੇ, ਬਰਦਾਸ਼ਤ ਨਹੀਂ ਕੀਤੇ ਜਾ ਸਕਦੇ। ਤੁਸੀਂ ਇਕੱਲੇ ਕਿਉਂ ਜਾਵੋ, ਅਸੀਂ ਭੀ ਗੁਰੂ ਕੇ ਸਿਖ ਹਾਂ, ਅਸੀਂ ਭੀ ਨਾਲ ਚਲਾਂਗੇ। ਕਮੇਟੀ ਵਲੋਂ ਐਲਾਨ ਕੀਤਾ ਜਾਵੇ ਅਤੇ ਤਾਰੀਖ਼ ਮਿਥੀ ਜਾਵੇ।"

ਕੁਝ ਵੀਚਾਰ ਹੋ ਕੇ ਪ੍ਰਬੰਧਕ ਕਮੇਟੀ ਵਿਚ ਪਾਸ ਹੋਇਆ ਅਤੇ ੪-੫-੬ ਮਾਰਚ ੧੯੨੧ ਦੀਆਂ ਤਾਰੀਖ਼ਾਂ ਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਪੰਥ ਦੇ ਇਕੱਠਾ ਹੋਣ ਦਾ ਐਲਾਨ ਕੀਤਾ ਗਿਆ ਅਤੇ ਏਸ ਪੰਥਕ ਇਕੱਠ ਦੇ ਲੰਗਰ ਆਦਿ ਦੇ ਪਰਬੰਧ ਵਾਸਤੇ ਹੇਠ ਲਿਖੇ ਸਜਨਾਂ ਦੀ ਕਮੇਟੀ ਬਣਾਈ ਗਈ—



www.AKJ.Org

(੧) ਸ: ਬੂਟਾ ਸਿੰਘ ਜੀ ਵਕੀਲ ਸ਼ੇਖੂਪੁਰਾ, (੨) ਸ: ਤੇਜਾ ਸਿੰਘ ਜੀ ਸਮੁੰਦਰੀ,
(੩) ਭਾਈ ਬੂਟਾ ਸਿੰਘ ਜੀ ੨੦੪ ਵਾਲੇ, (੪) ਸ: ਕਰਤਾਰ ਸਿੰਘ ਝੱਬਰ।

ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਇਹ ਪਹਿਲਾ ਐਲਾਨ ਪੜ੍ਹ ਕੇ ਮਹੰਤ ਨੇ ਝੱਬਰ ਪਾਸ ਦੋ ਆਦਮੀ ਮਹੰਤ ਸੁੰਦਰ ਦਾਸ ਸ਼ਤਾਬ ਗੜ੍ਹ ਵਾਲਾ ਤੇ ਸੰਤ ਹਰੀਦਾਸ ਸੱਜਦਵਾਲੇ ਵਾਲਾ, ਜੋ ਇਨ੍ਹਾਂ ਦੇ ਵਾਕਫ਼ ਸਨ, ਘਲੇ। ਇਹ ਸਚੇ ਸੌਦੇ ਆ ਕੇ ਮਿਲੇ ਅਤੇ ਇਨ੍ਹਾਂ ਦੀ ਰਾਹੀਂ ਮਹੰਤ ਨਰੈਣ ਦਾਸ ਨੇ ਝੱਬਰ ਨੂੰ ਨਨਕਾਣਾ ਸਾਹਿਬ ਆਉਣ ਤੋਂ ਰੋਕਣ ਦੀ ਕੋਸ਼ਸ਼ ਕੀਤੀ। ਉਤਰ ਵਿਚ ਝੱਬਰ ਨੇ ਕਿਹਾ, "ਇਹ ਗੱਲ ਕਦਾਚਿਤ ਨਹੀਂ ਹੋ ਸਕਦੀ। ਹਾਂ ਇਹ ਹੈ ਕਿ ਜੇ ਮਹੰਤ ਮੇਰੇ ਆਖੇ ਲਗੇ, ਤਾਂ ਮੈਂ ਮਹੰਤ ਨੂੰ ਬਚਾ ਸਕਦਾ ਹਾਂ। ਉਹ ਇਸ ਤਰ੍ਹਾਂ ਕਿ ਜੇ ਮਹੰਤ ਗੁਰਦੁਆਰਾ ਪੰਥ ਨੂੰ ਦੇ ਦੇਵੇ ਤਾਂ ਮੈਂ ਮਹੰਤ ਨੂੰ ਇਕ ਹਜ਼ਾਰ ਤੋਂ ਡੇਢ ਹਜ਼ਾਰ ਦੇ ਦਰਮਿਆਨ ਮਹੀਨੇ ਦੀ ਤਨਖ਼ਾਹ, ਵੱਡਾ ਮਹਿਲ, ਮਾਲ ਵਾਲਾ ਤਬੇਲਾ ਅਤੇ ਹੋਰ ਭੀ ਬਹੁਤ ਕੁਝ ਦਿਲਾ ਸਕਦਾ ਹਾਂ। ਪਰ ਇਹ ਸਾਰੀ ਗੱਲ ਮਹੰਤ ਆਪ ਮੇਰੇ ਨਾਲ ਖ਼ੁਦ ਮਿਲ ਕੇ ਕਰੇ ਅਤੇ ਇਕਰਾਰ ਕਰੇ ਤਾਂ ਮੈਂ ਕਮੇਟੀ ਦੇ ਪੇਸ਼ ਕਰਾਂਗਾ।"

ਇਸ ਤੋਂ ਕੁਝ ਦਿਨਾਂ ਮਗਰੋਂ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋਣੀ ਸੀ। ਝੱਬਰ ਅੰਮ੍ਰਿਤਸਰ ਜਾ ਰਿਹਾ ਸੀ ਕਿ ਮਹੰਤ ਸੁੰਦਰ ਦਾਸ ਇਨ੍ਹਾਂ ਨੂੰ ਲਾਹੌਰ ਸਟੇਸ਼ਨ ਤੋਂ ਬੁਲਾ ਕੇ ਲੈ ਗਿਆ, ਅਤੇ ਮੇਲਾ ਰਾਮ ਦੇ ਤਾਲਾਬ ਤੇ, ਜਿਥੇ ਮਹੰਤ ਠਹਿਰਿਆ ਹੋਇਆ ਸੀ, ਚੁਬਾਰੇ ਵਿਚ ਅੱਧਾ ਘੰਟਾ ਗੱਲ ਹੁੰਦੀ ਰਹੀ। ਮਹੰਤ ਨੇ ਗੁਰਦੁਆਰਾ, ਪ੍ਰਬੰਧਕ ਕਮੇਟੀ ਨੂੰ ਦੇਣਾ ਮੰਨ ਲਿਆ। ਗੱਲ ਬਾਤ ਕਰ ਕੇ ਜਦ ਝੱਬਰ ਹੇਠਾਂ ਉਤਰਿਆ ਤਾਂ ਮਹੰਤ ਦੇ ਆਦਮੀ ਰਾਂਝਾ ਤੇ ਰਿਹਾਣਾ ਬੰਦੂਕਾਂ ਲਈ ਖਲੋਤੇ ਸੀ। ਪਤਾ ਨਹੀਂ ਮਹੰਤ ਦੇ ਦਿਲ ਵਿਚ ਕੀ ਖ਼ਿਆਲ ਸੀ, ਇਹ ਬੰਦੂਕਾਂ ਵਾਲੇ ਉਸ ਦੀ ਆਪਣੀ ਰਾਖੀ ਲਈ ਸਨ ਜਾਂ ਕਿ ਝੱਬਰ ਦੇ ਮਾਰਨ ਲਈ। ਉਸ ਨੇ ਬੰਦੂਕਾਂ ਵਾਲੇ ਨਾਲ ਕਿਉਂ ਲਿਆਂਦੇ ਸਨ, ਪਤਾ ਨਹੀਂ ਲਗਾ। ਅਗਲੇ ਭਲਕ ਸ੍ਰੀ ਅਕਾਲ ਤਖ਼ਤ ਸਾਹਿਬ ਮੀਟਿੰਗ ਹੋਈ ਤਾਂ ਝੱਬਰ ਨੇ ਮਹੰਤ ਨਰੈਣ ਦਾਸ ਨਾਲ ਹੋਈ ਗੱਲ ਬਾਤ ਦਸੀ ਤੇ ਕਿਹਾ ਕਿ ਮਹੰਤ ਸੁਲਾਹ ਕਰਨੀ ਚਾਹੁੰਦਾ ਹੈ। ਮਹੰਤ ਨਰੈਣ ਦਾਸ ਨਾਲ ਸੁਲਾਹ ਦੀ ਗੱਲ ਬਾਤ ਕਰਨ ਵਾਸਤੇ ਹੇਠ ਲਿਖੇ ਪੰਜਾਂ ਆਦਮੀਆਂ ਦੀ ਕਮੇਟੀ ਬਣਾਈ ਗਈ:

(੧) ਬਾਬਾ ਕੇਹਰ ਸਿੰਘ ਜੀ ਪੱਟੀ, (੨) ਪ੍ਰੋਫ਼ੈਸਰ ਜੋਧ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ,
(੩) ਸ: ਬੂਟਾ ਸਿੰਘ ਵਕੀਲ ਸ਼ੇਖੂਪੁਰਾ, (੪) ਸ: ਤੇਜਾ ਸਿੰਘ ਸਮੁੰਦਰੀ, (੫) ਸ: ਕਰਤਾਰ ਸਿੰਘ ਝੱਬਰ।

੭-੮-੯ ਫ਼ਰਵਰੀ ਨੂੰ ਸਚੇ ਸੌਦੇ ਗੁਰੂ ਜੀ ਦੇ ਸਚਾ ਸੌਦਾ ਕਰਨ ਦਾ ਸਲਾਨਾ ਮੇਲਾ ਸੀ। ਮਹੰਤ ਨੂੰ ਸਚੇ ਸੌਦੇ ਆ ਕੇ ਗੱਲ ਬਾਤ ਕਰਨ ਲਈ ਚਿਠੀ ਲਿਖੀ ਗਈ। ਨੀਯਤ ਦਿਨ ਤੇ ਮਹੰਤ ਆਪ ਤਾਂ ਨਾ ਆਇਆ, ਪਰ ੯-੨-੨੧ ਨੂੰ ਸ: ਸਾਹਿਬ ਸਿੰਘ ਮਾਨ ਤੇ ਦੇਵੀ ਦਿਆਲ ਨਨਕਾਣੇ ਸਾਹਿਬ ਵਾਲੇ ਨੂੰ ਘਲਿਆ। ਇਨ੍ਹਾਂ ਦੋਹਾਂ ਸਜਨਾਂ ਨੇ ਮਹੰਤ ਦਾ ਸੁਨੇਹਾ ਦਿਤਾ ਕਿ ਮੈਂ ਏਥੇ ਨਹੀਂ ਆਉਂਦਾ, ਤੁਸੀਂ ਮੇਰੇ ਨਾਲ ਕਿਸੇ ਸ਼ਹਿਰ ਗੱਲ ਕਰੋ। ਇਨ੍ਹਾਂ ਸਜਨਾਂ ਨੇ ਇਹ ਭੀ ਦਸਿਆ ਕਿ ਮਹੰਤ ਨੂੰ ਲੋਕਾਂ ਨੇ ਬੜਾ ਡਰਾਇਆ ਹੋਇਆ ਹੈ ਕਿ ਜੇ ਤੂੰ ਸਚੇ ਸੌਦੇ ਗਿਆ ਤਾਂ ਤੈਨੂੰ ਜਥੇਦਾਰ ਝੱਬਰ ਨੇ ਫੜ ਕੇ ਅੰਦਰ ਦੇ ਲੈਣਾ ਹੈ ਅਤੇ ਨਨਕਾਣੇ ਸਾਹਿਬ ਆ ਕੇ ਕਬਜ਼ਾ ਕਰ ਲੈਣਾ ਹੈ। ਮਹੰਤ ਨੇ ਆਪਣੇ ਬਚਾਉ ਵਾਸਤੇ ਬਾਹਰੋਂ ਬਹੁਤ ਸਾਰੇ ਬਦਮਾਸ਼ ਭੀ ਮੰਗਾਏ ਹੋਏ ਸਨ। ਝੱਬਰ ਨੇ ੧੪ ਫ਼ਰਵਰੀ ੧੯੨੧ ਨੂੰ ਸ਼ੇਖੂਪੁਰੇ ਵਿਚ ਸ: ਬੂਟਾ ਸਿੰਘ ਵਕੀਲ ਦੀ ਬੈਠਕ ਵਿਚ ਗੱਲ ਬਾਤ ਕਰਨ ਲਈ ਤਰੀਕ ਮਿਥੀ। ੧੪ ਫ਼ਰਵਰੀ ਨੂੰ ਝੱਬਰ ਸ਼ੇਖੂਪੁਰੇ ਗਿਆ। ਸਾਰਾ ਦਿਨ ਉਡੀਕਿਆ, ਪਰ ਮਹੰਤ ਨਾ ਆਇਆ। ਰਾਤ ਦੀ ਗੱਡੀ ਮਹੰਤ ਜੀਵਨ ਦਾਸ ਸ਼ੇਖੂਪੁਰੇ ਵਾਲਾ ਆਇਆ ਤੇ ਆਖਿਆ ਕਿ ਮਹੰਤ ਤੁਹਾਨੂੰ ਲਾਹੌਰ ਸਦਦਾ ਹੈ। ਸਵੇਰੇ ੫ ਵਜੇ ਦੀ ਗੱਡੀ ਝੱਬਰ ਤੇ ਸ: ਬੂਟਾ ਸਿੰਘ ਜੀ, 'ਲਾਇਲ ਗਜ਼ਟ' ਦੇ ਦਫ਼ਤਰ ਲਾਹੌਰ ਪੁਜੇ ਤੇ ਮਹੰਤ ਜੀਵਨ ਦਾਸ ਨੂੰ ਕਿਹਾ ਕਿ ਤੂੰ ਮਹੰਤ ਨੂੰ ਸ: ਅਮਰ ਸਿੰਘ, ਐਡੀਟਰ ਲਾਇਲ ਗਜ਼ਟ ਦੇ ਮਕਾਨ ਤੇ ਲੈ ਆ। ਜਦ ਮਹੰਤ ਜੀਵਨ ਦਾਸ ਨੇ ਰਾਮ ਗਲੀ ਮਹੰਤ ਦੇ ਮਕਾਨ ਤੇ ਜਾ ਕੇ ਗੱਲ ਕੀਤੀ ਤਾਂ ਉਥੇ ਝੱਬਰ ਦਾ ਸੂਹੀਆ ਅਵਤਾਰ ਸਿੰਘ ਭੀ ਸੀ, ਜਿਸ ਦੀ ਡਿਊਟੀ ਝੱਬਰ ਨੇ ਲਾਈ ਹੋਈ ਸੀ ਕਿ ਤੂੰ ਮਹੰਤਾਂ ਦੇ ਨਾਲ ਹੀ ਰਿਹਾ ਕਰ ਅਤੇ ਖ਼ਿਆਲ ਰਖਿਆ ਕਰ।


www.AKJ.Org

ਝੱਬਰ ਦਾ ਲਾਹੌਰ ਆਉਣਾ ਸੁਣ ਕੇ ਅਵਤਾਰ ਸਿੰਘ ਝਟ ਲਾਇਲ ਗਜ਼ਟ ਦੇ ਦਫ਼ਤਰ ਵਿਚ ਪੁਜਾ ਤੇ ਉਸ ਦਸਿਆ :

"ਮਹੰਤ ਨੇ ਅਜ ਰਾਤ ਰਾਮ ਗਲੀ ਆਪਣੇ ਮਕਾਨ ਤੇ ਇਕ ਖ਼ੁਫ਼ੀਆ ਮੀਟਿੰਗ ਕੀਤੀ ਹੈ, ਮੈਂ ਭੀ ਉਸ ਵਿਚ ਸੀ। ਅਰਜਨ ਦਾਸ ਥਮਨ ਤੇ ਜਗਨ ਨਾਥ ਬਘਿਆਂ ਵਾਲਾ, ਬਸੰਤ ਦਾਸ ਮਾਨਕ ਵਾਲਾ ਤੇ ਚਾਰ ਪੰਜ ਮਾਝੇ ਦੇ ਜੱਟ ਸਨ। ਮਹੰਤ ਨੇ ਡੇਢ ਲਖ ਰੁਪਿਆ ਮਾਝੇ ਦੇ ਬਦਮਾਸ਼ਾਂ ਨੂੰ ਦੇਣਾ ਮੰਨਿਆ ਹੈ ਤੇ ਉਹਨਾਂ ਨੇ ੧੨ ਭਗੌੜੇ ਕਾਤਲ ਨਨਕਾਣੇ ਸਾਹਿਬ ੬ ਮਾਰਚ ਨੂੰ ਲੈ ਕੇ ਪੁਜਣਾ ਹੈ, ਜਿਸ ਦਿਨ ਪੰਥ ਦਾ ਇਕੱਠ ਹੈ। ਅਗੋਂ ਸਕੀਮ ਇਹ ਬਣਾਈ ਹੈ ਕਿ ਭਰੇ ਮੇਲੇ ਵਿਚ ਸਿਖ ਲੀਡਰਾਂ—ਸ: ਹਰਬੰਸ ਸਿੰਘ ਅਟਾਰੀ, ਪ੍ਰੋਫੈਸਰ ਜੋਧ ਸਿੰਘ, ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਭੁੱਚਰ ਨੂੰ, ਜੋ ਇਸ ਵੇਲੇ ਪੰਥ ਦਾ ਕੰਮ ਕਰਦੇ ਹਨ, ਗੁਰਦੁਆਰੇ ਅੰਦਰ ਸੁਲਾਹ ਦੀ ਗੱਲ ਬਾਤ ਕਰਨ ਲਈ ਬੁਲਾ ਲਿਆ ਜਾਵੇ। ਅਸੀਂ ਗੱਲ ਬਾਤ ਕਰੀਏ, ਗੁਰਦਵਾਰੇ ਦਾ ਲਹਿੰਦਾ ਬੂਹਾ ਖੋਲ੍ਹ ਦਿਤਾ ਜਾਵੇਗਾ, ਚੜ੍ਹਦਾ ਪਹਿਲਾਂ ਬੰਦ ਕੀਤਾ ਹੋਇਆ ਹੋਵੇਗਾ। ਬਾਹਰੋਂ ਬਦਮਾਸ਼ ਘੋੜਿਆਂ ਤੇ ਆਉਣ ਅਤੇ ਲਹਿੰਦੇ ਵਲ ਖ਼ਾਲੀ ਥਾਂ ਤੇ ਕਿੱਲੇ ਲਗੇ ਹੋਏ ਹੋਣਗੇ, ਉਹ ਘੋੜਿਆਂ ਤੋਂ ਉਤਰ ਕਿੱਲਿਆਂ ਨਾਲ ਘੋੜੇ ਬੰਨ੍ਹ ਕੇ ਅੰਦਰ ਆ ਕੇ ਹੋ ਰਹੀ ਕਮੇਟੀ ਵਿਚ ਬੈਠੇ ਸਿਖ ਲੀਡਰਾਂ ਨੂੰ ਕਤਲ ਕਰ ਕੇ ਘੋੜੇ ਭਜਾ ਲੈ ਜਾਣ। ਅਸੀਂ ਭੀ ਹਾਲ ਦੁਹਾਈ ਪਾ ਦਿਆਂਗੇ ਕਿ ਮਾਰ ਗਏ, ਮਾਰ ਗਏ।

"ਸੋ ਤੁਹਾਡੀ ਸੁਲਾਹ ਦੀ ਕੋਈ ਗੱਲ ਬਾਤ ਨਹੀਂ। ਤੁਸੀਂ ਆਪਣੇ ਬਚਾਅ ਦਾ ਉਪਾਅ ਕਰੋ। ਤੇ ਝੱਬਰ ਜੀ, ਤੁਸਾਨੂੰ ਤਾਂ ਪਹਿਲਾਂ ਹੀ ਮਾਰ ਦੇਣ ਦੀ ਤਜਵੀਜ਼ ਹੈ। ਆਪਣਾ ਫ਼ਿਕਰ ਰਖਿਆ ਕਰੋ ਤੇ ਨਾਲ ਦੋ ਸਿੰਘ ਭੀ ਜ਼ਰੂਰ ਰਖਿਆ ਕਰੋ।"

ਇਹ ਗੱਲ ਦੱਸ ਕੇ ਅਵਤਾਰ ਸਿੰਘ ਫਿਰ ਵਾਪਸ ਚਲਾ ਗਿਆ ਅਤੇ ਝੱਬਰ ਤੇ ਸ: ਬੂਟਾ ਸਿੰਘ ਨੇ ਮਹੰਤ ਨੂੰ ਦੋ ਘੰਟੇ ਉਡੀਕ ਕੇ ਇਕ ਆਦਮੀ ਨੂੰ, ਜੋ ਸ: ਅਮਰ ਸਿੰਘ ਐਡੀਟਰ ਲਾਇਲ-ਗਜ਼ਟ ਦਾ ਰਿਸ਼ਤੇਦਾਰ ਸੀ, ਮਹੰਤ ਨੂੰ ਸਦਣ ਲਈ ਘਲਿਆ। ਉਸ ਆਦਮੀ ਨੇ ਵਾਪਸ ਆ ਕੇ ਦਸਿਆ ਕਿ "ਮੇਰੇ ਗਿਆਂ ਮਹੰਤ ਟਾਂਗੇ ਤੇ ਚੜ੍ਹਿਆ ਸੀ, ਤੇ ਜਦ ਮੈਂ ਕਿਹਾ, ਮਹੰਤ ਜੀ, ਤੁਹਾਨੂੰ ਝੱਬਰ ਤੇ ਸ: ਬੂਟਾ ਸਿੰਘ ਜੀ ਬੁਲਾਂਦੇ ਹਨ, ਤਾਂ ਮਹੰਤ ਨੇ ਉਤਰ ਦਿਤਾ ਕਿ ਮੈਂ ਬਾਵਾ ਕਰਤਾਰ ਸਿੰਘ ਦੀ ਕੋਠੀ ਜਾ ਰਿਹਾ ਹਾਂ, ਮੇਰਾ ਐਸ ਵੇਲੇ ਜਾਣ ਨਹੀਂ ਹੁੰਦਾ।"

ਸ: ਅਮਰ ਸਿੰਘ ਦੇ ਆਦਮੀ ਦੀ ਜ਼ਬਾਨੀ ਮਹੰਤ ਦਾ ਆਉਣੋਂ ਇਨਕਾਰ ਸੁਣ ਕੇ, ਇਨ੍ਹਾਂ ਨੂੰ ਅਵਤਾਰ ਸਿੰਘ ਦੀ ਜ਼ਬਾਨੀ ਸੁਣੀ ਸਾਜ਼ਸ਼ ਦਾ ਪੱਕਾ ਯਕੀਨ ਹੋ ਗਿਆ ਅਤੇ ਝੱਬਰ ਨੇ ਕਿਹਾ ਕਿ "ਚੰਗਾ, ਚਬਲ ਸਾਧ ਸਾਡੇ ਨਾਲ ਗੱਲ ਕਰ ਕੇ ਫਿਰ ਗਿਆ ਹੈ, ਅਸੀਂ ਭੀ ਇਸ ਦੀ ਸਾਜ਼ਸ਼ ਦਾ ਬੰਦੋਬਸਤ ਕਰਾਂਗੇ।" ਝੱਬਰ ਦੇ ਕੋਲ ਬੈਠੇ ਸਜਨਾਂ ਨੇ ਪੁਛਿਆ, ਤੁਸੀਂ ਹੁਣ ਕੀ ਕਰੋਗੇ ? ਝੱਬਰ ਨੇ ਕਿਹਾ ਕਿ ਜਿਹੜੇ ਸਾਡੇ ਨਾਲ ਟੁਰਨਗੇ ਉਨ੍ਹਾਂ ਨੂੰ ਦਸਾਂਗੇ। ਰਾਤ ੧੨ ਵਜੇ ਝੱਬਰ ਸਚੇ ਸੌਦੇ ਪੁਜਾ ਤੇ ਜਥੇ ਦੇ ਸਾਰੇ ਸਿੰਘਾਂ ਨੂੰ ਉਠਾ ਕੇ ਸ਼ੇਖ਼ੂਪੁਰੇ ਤੇ ਲਾਹੌਰ ਹੋਈ ਸਾਰੀ ਗੱਲ ਬਾਤ ਸੁਣਾਈ ਤੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਕਬਜ਼ੇ ਸੰਬੰਧੀ ਝੱਬਰ ਨੇ ਇਹ ਵੀ ਜਥੇ ਨੂੰ ਦਸਿਆ ਕਿ ੧੯ ਅਤੇ ੨੦ ਫ਼ਰਵਰੀ ਨੂੰ ਲਾਹੌਰ ਵਿਖੇ ਸਨਾਤਨ ਸਿਖ ਕਾਨਫ਼ਰੰਸ ਹੋ ਰਹੀ ਹੈ, ਜਿਸ ਵਿਚ ਨਨਕਾਣਾ ਸਾਹਿਬ ਦੇ ਮਹੰਤ ਵੀ ਸ਼ਾਮਲ ਹੋਣਗੇ। ਇਹ ਵੀ ਪਤਾ ਲਗਾ ਹੈ ਕਿ ਉਸ ਵਿਚ ਇਨ੍ਹਾਂ ਨੇ ਉਦਾਸੀ ਸੰਪਰਦਾ, ਜਿਸ ਦੇ ਹੱਥ ਵਿਚ ਇਸ ਵੇਲੇ ਵਧੇਰੇ ਗੁਰਦੁਆਰੇ ਹਨ, ਦੀ ਸਾਡੇ ਮੁਕਾਬਲੇ ਲਈ ਜਥੇਬੰਦੀ ਕਾਇਮ ਕਰਨੀ ਹੈ। ਜਿਸ ਦੇ ਬਣ ਜਾਣ ਨਾਲ ਸਰਕਾਰੇ ਦਰਬਾਰੇ ਅਤੇ ਪਬਲਿਕ ਵਿਚ ਵੀ ਉਨ੍ਹਾਂ ਦੀ ਪੁਜ਼ੀਸ਼ਨ ਮਜ਼ਬੂਤ ਹੋ ਜਾਵੇਗੀ ਅਤੇ ਇਹ ਵੀ ਸੰਭਵ ਹੈ ਕਿ ਉਸ ਹਾਲਤ ਵਿਚ ਸਾਡੀ ੪-੫-੬ ਮਾਰਚ ਲਈ ਮਿਥੀ ਗੁਰਦੁਆਰਿਆਂ ਬਾਰੇ ਇਕੱਤਰਤਾ ਵਿਚ ਵੀ ਵਿਘਨ ਪੈ ਜਾਵੇ। ਫਿਰ ਮਹੰਤ ਨਰੈਣ ਦਾਸ ਵਲੋਂ ਸਮੁੱਚੇ ਤੌਰ ਤੇ ਕੀਤੀ ਤਿਆਰੀ ਅਤੇ ਸਾਡੀ ਬੁਲਾਈ ਪੰਥਕ ਇਕੱਤਰਤਾ ਸਮੇਂ ਮਹੰਤ ਦਾ ਮਾਝੇ ਦੇ ਭਗੌੜੇ ਕਾਤਲਾਂ ਨਾਲ ਕੀਤਾ ਸਾਜ਼ ਬਾਜ਼ ਵੀ ਅਜਿਹਾ ਹੋ ਜਾਣ ਦਾ ਸੰਕੇਤ ਦੇਂਦਾ ਹੈ। ਇਸ ਲਈ ਮੇਰੀ ਤਜਵੀਜ਼ ਹੈ ਕਿ ਅਸੀਂ ੨੦ ਫ਼ਰਵਰੀ ਨੂੰ ਜਦੋਂ ਲਾਹੌਰ ਸਨਾਤਨ ਸਿਖ ਕਾਨਫ਼ਰੰਸ ਹੋ ਰਹੀ ਹੋਵੇਗੀ,



www.AKJ.Org

ਗੁਰਦੁਆਰੇ ਦਾ ਕਬਜ਼ਾ ਕਰ ਲਈਏ। ਪਰ ਇਸ ਗੱਲ ਦੀ ਸੂਹ ਬਾਹਰ ਨਹੀਂ ਨਿਕਲਣੀ ਚਾਹੀਦੀ, ਖ਼ਾਸ ਕਰ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਹੋਰ ਮੁਖੀਆਂ ਨੂੰ ਇਸ ਪ੍ਰੋਗਰਾਮ ਦਾ ਪਤਾ ਨਹੀਂ ਲਗਣਾ ਚਾਹੀਦਾ, ਵਰਨਾ ਉਹ ਸਾਨੂੰ ਰੋਕਣਗੇ।

ਸਾਨੂੰ ਆਪਣੇ ਇਲਾਕੇ ਵਿਚੋਂ ਹੀ ਚਾਰ ਪੰਜ ਹਜ਼ਾਰ ਸਿੰਘਾਂ ਦਾ ਜਥਾ ਤਿਆਰ ਕਰ ਲੈਣਾ ਚਾਹੀਦਾ ਹੈ। ਇਸ ਦੇ ਲਈ ਸਾਂਗਲੇ ਵਲੋਂ ਭਾਈ ਲਛਮਣ ਸਿੰਘ ਅਤੇ ਟਹਿਲ ਸਿੰਘ ਨੂੰ ਅਤੇ ਲਾਇਲਪੁਰ ਤੋਂ ਭਾਈ ਬੂਟਾ ਸਿੰਘ ਚਕ ੨੦੪ ਵਾਲੇ ਨੂੰ ਬੁਲਾ ਕੇ ਸਾਰੀ ਗੱਲ ਸਮਝਾ ਦੇਣੀ ਚਾਹੀਦੀ ਹੈ। ਭਾਈ ਬੂਟਾ ਸਿੰਘ ਕਹਿੰਦਾ ਰਹਿੰਦਾ ਹੈ ਕਿ ਨਨਕਾਣਾ ਸਾਹਿਬ ਦੇ ਕਬਜ਼ੇ ਸਮੇਂ ਮੈਨੂੰ ਜ਼ਰੂਰ ਖ਼ਬਰ ਕਰਨੀ। ਇਉਂ ਹੀ ਸੰਤ ਤੇਜਾ ਸਿੰਘ ਨੂੰ ਲਾਇਲਪੁਰੋਂ ਨਾਲ ਲੈ ਲੈਣਾ ਚਾਹੀਦਾ ਹੈ।

ਇਹ ਗੱਲ ਪਾਸ ਹੋ ਗਈ ਅਤੇ ਭਾਈ ਲਛਮਣ ਸਿੰਘ ਤੇ ਬੂਟਾ ਸਿੰਘ ਵੱਲ ਆਦਮੀ ਭੇਜ ਦਿਤੇ ਗਏ। ੧੬ ਫਰਵਰੀ ਸ਼ਾਮ ਨੂੰ ਭਾਈ ਬੂਟਾ ਸਿੰਘ ਪਹੁੰਚ ਗਿਆ ਅਤੇ ਉਸ ਨੂੰ ਸਾਰੀ ਗੱਲ ਸਮਝਾ ਦਿਤੀ ਗਈ ਅਤੇ ਤਿੰਨ ਗੱਲਾਂ ਦੀ ਪੱਕੀ ਕੀਤੀ ਗਈ: ਪਹਿਲੀ ਇਹ ਕਿ ਸਾਡੇ ਇਸ ਪ੍ਰੋਗਰਾਮ ਦਾ ਅੰਮ੍ਰਿਤਸਰ ਪ੍ਰਬੰਧਕ ਕਮੇਟੀ ਨੂੰ ਪਤਾ ਨਾ ਲਗੇ। ਦੂਜੀ ਕਿ ਬੂਟਾ ਸਿੰਘ ਹੋਰਾਂ ਦਾ ਜਥਾ ਨਨਕਾਣਾ ਸਾਹਿਬ ਤੋਂ ਬਾਰਾਂ ਕੋਹ ਪਿਛੇ ਕਿਸੇ ਥਾਂ ਇਕੱਠਾ ਹੋਵੇ, ਉਥੋਂ ੧੯ ਫ਼ਰਵਰੀ ਦੀ ਰਾਤ ਹਨੇਰੇ ਪਏ ਚਲੇ ਅਤੇ ਝੱਬਰ ਦੇ ਜਥੇ ਨੂੰ ਨਨਕਾਣਾ ਸਾਹਿਬ ਲਈ ਪਿਛਲੀ ਰਾਤ ਭਠਿਆਂ ਵਾਲੇ ਥਾਂ ਮਿਲੇ। ਤੀਜੀ ਇਹ ਕਿ ਬੂਟਾ ਸਿੰਘ ਹੋਰੀਂ ਇਸ ਤੋਂ ਪਹਿਲੋਂ ਨਨਕਾਣਾ ਸਾਹਿਬ ਜਾ ਕੇ ਕੁਝ ਬਾਂਸ ਦੀਆਂ ਹਲਕੀਆਂ ਪੌੜੀਆਂ ਦਾ ਪਰਬੰਧ ਕਰ ਛਡਣ, ਜੋ ਲੋੜ ਪੈਣ ਤੇ ਵੇਲੇ ਦੇ ਵੇਲੇ ਉਥੋਂ ਲਈਆਂ ਜਾ ਸਕਣ।

ਭਾਈ ਲਛਮਣ ਸਿੰਘ ਹੋਰਾਂ ਕਹਿ ਭੇਜਿਆ ਕਿ ਝੱਬਰ ਸਾਹਿਬ ਉਨ੍ਹਾਂ ਨੂੰ ੧੬ ਤੇ ੧੭ ਫ਼ਰਵਰੀ ਦੀ ਦਰਮਿਆਨੀ ਰਾਤ ਇਕ ਵਜੇ ਦੀ ਗਡੀ ਢਾਬਾਂ ਸਿੰਘ ਰੇਲਵੇ ਸਟੇਸ਼ਨ ਤੇ ਮਿਲਣ। ਚੁਨਾਂਚਿ ਝੱਬਰ ਜੀ ਠੀਕ ਸਮੇਂ ਪਹੁੰਚ ਗਏ ਅਤੇ ਭਾਈ ਲਛਮਣ ਸਿੰਘ ਟਹਿਲ ਸਿੰਘ ਨਾਲ ਸਾਰੀ ਗੱਲ ਕਰ ਕੇ ਫ਼ੈਸਲਾ ਹੋਇਆ ਕਿ ਉਨ੍ਹਾਂ ਦਾ ਜਥਾ ਧਾਰੋਵਾਲ ਪਿੰਡ ਤੋਂ, ਜੋ ਨਨਕਾਣਾ ਸਾਹਿਬ ਤੋਂ ਪੰਦਰ੍ਹਾਂ ਕੋਹ ਤੇ ਹੈ, ੧੯ ਫ਼ਰਵਰੀ ਰਾਤ ਪਈ ਚਲ ਕੇ ਝੱਬਰ ਦੇ ਜਥੇ ਨੂੰ ਨਹਿਰ ਗੋਗੇਰਾ ਦੀ ਚੰਦਰਕੋਟ ਵਾਲੀ ਝਾਲ ਤੇ ੨੦ ਫ਼ਰਵਰੀ ਸਵਾ ਪਹਿਰ ਰਾਤ ਰਹਿੰਦੀ ਮਿਲੇ।

ਇਹ ਭੀ ਫ਼ੈਸਲਾ ਹੋਇਆ ਕਿ ਝੱਬਰ ਸਾਹਿਬ ੧੯ ਫ਼ਰਵਰੀ ਸਵੇਰੇ ਭਾਈ ਸੰਤ ਸਿੰਘ ਬਜ਼ਾਜ਼ ਨੂੰ ਸਾਂਗਲੇ ਤਾਰ ਦੇਣਗੇ, ਜਿਸਦੇ ਸ਼ਬਦ ਇਹ ਹੋਣਗੇ ਕਿ 'ਕੰਬਲ ਮਿਲ ਗਿਆ ਹੈ।' ਜੇ ਪ੍ਰੋਗਰਾਮ ਵਿਚ ਕੋਈ ਵਿਘਨ ਪੈ ਜਾਏ ਤਾਂ ਤਾਰ ਵਿਚ ਲਿਖਿਆ ਹੋਵੇਗਾ, 'ਕੰਬਲ ਨਹੀਂ ਮਿਲਿਆ।' ਇਉਂ ੨੦ ਫ਼ਰਵਰੀ ਸਵੇਰ ਦਾ ਕਬਜ਼ੇ ਦਾ ਪ੍ਰੋਗਰਾਮ ਪੱਕਾ ਹੋ ਗਿਆ ਅਤੇ ਸਾਰਿਆਂ ਨੇ ਆਪੋ ਆਪਣੀ ਤਿਆਰੀ ਕਰਨੀ ਸ਼ੁਰੂ ਕਰ ਦਿਤੀ।

੧੮ ਫ਼ਰਵਰੀ ਰਾਤ ਨੂੰ ਝੱਬਰ ਨੂੰ ਸਚੇ ਸੌਦੇ ਤਾਰ ਮਿਲੀ ਕਿ ਸ: ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ੧੯ ਤਾਰੀਖ਼ ਸਵੇਰ ਦੀ ਗਡੀ ਚੂਹੜਕਾਣੇ ਸਟੇਸ਼ਨ ਤੋਂ ਲੰਘ ਰਹੇ ਹਨ, ਝੱਬਰ ਸਾਹਿਬ ਉਨ੍ਹਾਂ ਨੂੰ ਉਥੇ ਮਿਲਣ। ਝੱਬਰ ਇਹ ਸੋਚ ਕੇ ਕਿ ਮਾਸਟਰ ਜੀ ਅਤੇ ਸਮੁੰਦਰੀ ਨੂੰ ਉਨ੍ਹਾਂ ਦੇ ੨੦ ਫਰਵਰੀ ਦੇ ਪ੍ਰੋਗਰਾਮ ਦਾ ਪਤਾ ਲਗ ਗਿਆ ਹੈ ਅਤੇ ਓਹ ਉਸ ਦਿਨ ਜਥੇ ਲੈ ਜਾਣ ਤੋਂ ਉਨ੍ਹਾਂ ਨੂੰ ਰੋਕਣਾ ਚਾਹੁੰਦੇ ਹਨ, ਆਪ ਤਾਂ ਸਟੇਸ਼ਨ ਤੇ ਨਾ ਗਏ, ਪਰ ਭਾਈ ਸੁੱਚਾ ਸਿੰਘ ਜੈ ਚਕ ਵਾਲੇ ਨੂੰ ਭੇਜ ਦਿਤਾ। ਗੱਲ ਓਹੋ ਹੀ ਨਿਕਲੀ ਜੋ ਓਹ ਸੋਚਦੇ ਸੀ।

੧੯ ਤਾਰੀਖ਼ 'ਅਕਾਲੀ ਜਥਾ ਖਰਾ ਸੌਦਾ ਬਾਰ' ਦੇ ਸਿੰਘ ਗੁਰਦੁਆਰਾ ਖਰਾ ਸੌਦਾ ਇਕੱਠੇ ਹੋਣੇ ਸ਼ੁਰੂ ਹੋ ਗਏ। ਦੁਪਹਿਰ ਤਕ ਇਨ੍ਹਾਂ ਦੀ ਗਿਣਤੀ ਤਿੰਨ ਹਜ਼ਾਰ ਹੋ ਚੁਕੀ ਸੀ। ਐਨ ਇਸ ਵੇਲੇ ਭਾਈ ਦਲੀਪ ਸਿੰਘ (ਜਿਨ੍ਹਾਂ ਨੇ ਨਨਕਾਣਾ ਸਾਹਿਬ ਦੇ ਸਾਕੇ ਵਿਚ ਸ਼ਹੀਦੀ ਪਾਈ) ਅਤੇ ਜਸਵੰਤ ਸਿੰਘ ਝਬਾਲੀਆ ਇਥੇ ਪਹੁੰਚੇ ਅਤੇ ਝੱਬਰ ਨੂੰ ਪੰਥਕ ਲੀਡਰ ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਸ: ਅਮਰ ਸਿੰਘ ਝਬਾਲੀਏ ਅਤੇ ਸ: ਸਰਦੂਲ ਸਿੰਘ ਕਵੀਸ਼ਰ ਦੀ ਜ਼ਬਾਨੀ ੨੦ ਤਾਰੀਖ਼ ਨੂੰ ਨਨਕਾਣਾ ਸਾਹਿਬ ਜਥੇ ਨਾ ਲੈ ਜਾਣ ਦਾ ਪੰਥ ਦਾ ਹੁਕਮ ਦਿਤਾ।

ਝੱਬਰ ਨੇ ਉਨ੍ਹਾਂ ਨੂੰ ਦਸਿਆ ਕਿ ਇਸ ਵੇਲੇ ਜ਼ਿਲਾ ਸ਼ੇਖ਼ੂਪੁਰ ਅਤੇ ਲਾਇਲਪੁਰ ਦੇ ਸਿੰਘਾਂ ਵਲੋਂ ਪੂਰੀ



www.AKJ.Org

ਤਿਆਰੀ ਹੋ ਚੁਕੀ ਹੈ ਅਤੇ ਅਸਾਂ ਕਲ੍ਹ ਨੂੰ ਗੁਰਦੁਆਰੇ ਦਾ ਕਬਜ਼ਾ ਕਰ ਲੈਣਾ ਹੈ। ਐਸੇ ਮੌਕੇ ਤੇ ਰੋਕਣਾ ਠੀਕ ਨਹੀਂ। ਇਨ੍ਹਾਂ ਲੀਡਰਾਂ ਨੂੰ ਸਹੀ ਹਾਲਤ ਦਾ ਪਤਾ ਨਹੀਂ, ਤਦੇ ਹੀ ਉਨ੍ਹਾਂ ਇਹ ਹੁਕਮ ਕਰ ਭੇਜਿਆ ਹੈ। ਗੱਲ ਇਹ ਹੈ ਕਿ ਜਦੋਂ ਮਹੰਤ ਨਰੈਣ ਦਾਸ ਨੂੰ ਸ਼੍ਰੋਮਣੀ ਕਮੇਟੀ ਦੇ ੪, ੫ ਤੇ ੬ ਮਾਰਚ ਨੂੰ ਨਨਕਾਣਾ ਸਾਹਿਬ ਵਿਚ ਗੁਰਦੁਆਰੇ ਦੇ ਕਬਜ਼ੇ ਬਾਰੇ ਪੰਥਕ ਕਾਨਫਰੰਸ ਕਰਨ ਦਾ ਪਤਾ ਲਗਾ ਤਾਂ ਉਸ ਨੇ ਕੁਝ ਵਿਸ਼ੇਸ਼ ਭਗੌੜੇ ਕਾਤਲਾਂ ਨੂੰ ਡੇਢ ਲਖ ਰੁਪਿਆ ਦੇਣਾ ਕਰਕੇ ਛੇ ਮਾਰਚ ਨੂੰ ਇਕੱਠੇ ਹੋਏ ਸਾਰੇ ਲੀਡਰਾਂ ਨੂੰ ਮਾਰ ਦੇਣ ਦੀ ਸਾਜ਼ਸ਼ ਬਣਾਈ। ਸਾਨੂੰ ਇਸ ਦਾ ਭੇਤ ਮਿਲ ਜਾਣ ਤੇ ਅਸੀਂ ਫ਼ੈਸਲਾ ਕੀਤਾ ਕਿ ੧੯ ਤੇ ੨੦ ਫ਼ਰਵਰੀ ਦੀ ਦਰਮਿਆਨੀ ਰਾਤ, ਜਦੋਂ ਸਾਰੇ ਮਹੰਤ ਲਾਹੌਰ ਉਦਾਸੀਆਂ ਦੇ ਇਕੱਠ ਵਿਚ ਗਏ ਹੋਣਗੇ, ਅਸੀਂ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਕਰ ਲਈਏ। ਇਹ ਫ਼ੈਸਲਾ ਜਥੇਦਾਰ ਲਛਮਣ ਸਿੰਘ ਧਾਰੋਵਾਲ ਦੀ ਸਲਾਹ ਨਾਲ ਕੀਤਾ ਗਿਆ ਹੈ ਅਤੇ ਇਹ ਪ੍ਰੋਗਰਾਮ ਬਣਿਆ ਹੈ ਕਿ ਲਛਮਣ ਸਿੰਘ ਧਾਰੋਵਾਲ ਤੋਂ ਅਤੇ ਅਸੀਂ ਸਚੇ ਸੌਦੇ ਤੋਂ ਆਪਣੇ ਆਪਣੇ ਜਥੇ ਲੈ ਕੇ ਅਜ ਰਾਤ ਚਲਾਂਗੇ ਅਤੇ ਰਾਤ ਦੇ ਦੋ ਵਜੇ ਚੰਦਰ ਕੋਟ ਵਾਲੀ ਨਹਿਰ ਦੀ ਝਾਲ ਤੇ ਇਕੱਠੇ ਹੋ ਕੇ ਪਹਿਰ ਰਾਤ ਰਹਿੰਦੀ ਨਨਕਾਣਾ ਸਾਹਿਬ ਪਹੁੰਚ ਜਾਵਾਂਗੇ। ਆਪੋ ਵਿਚ ਹੋਏ ਫ਼ੈਸਲੇ ਅਨੁਸਾਰ ਅਜ ਸਵੇਰੇ ਅਸਾਂ ਲਛਮਣ ਸਿੰਘ ਹੋਰਾਂ ਨੂੰ ਵਿਸ਼ੇਸ਼ ਤਾਰ ਦੇ ਕੇ ਇਹ ਪ੍ਰੋਗਰਾਮ ਦੋਬਾਰਾ ਪੱਕਾ ਕਰ ਦਿਤਾ ਹੋਇਆ ਹੈ ਅਤੇ ਇਸ ਅਨੁਸਾਰ ਜਥੇਦਾਰ ਲਛਮਣ ਸਿੰਘ ਹੋਰਾਂ ਅੱਜ ਹਨੇਰੇ ਪਏ ਰਾਤ ਨੂੰ ਚਲ ਪੈਣਾ ਹੈ ਅਤੇ ਢਲੀ ਰਾਤ ਸਮੇਂ ਸਾਡੇ ਜਥੇ ਨੂੰ ਚੰਦਰ ਕੋਟ ਦੀ ਝਾਲ ਤੇ ਮਿਲਣਾ ਹੈ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਅਸਾਂ ਦੋਹਾਂ ਜਥਿਆਂ ਨੇ ਕਲ੍ਹ ਤੜਕਸਾਰ ਗੁਰਦੁਆਰੇ ਦਾ ਕਬਜ਼ਾ ਕਰ ਲੈਣਾ ਹੈ ਅਤੇ ਨੁਕਸਾਨ ਭੀ ਕੁਛ ਨਹੀਂ ਹੋਣਾ। ਅਤੇ ਇਸ ਵਿਚ ਸਭ ਤੋਂ ਵੱਡੀ ਗੱਲ ਇਹ ਹੈ ਕਿ ੬ ਮਾਰਚ ਨੂੰ ਹੋਣ ਵਾਲੀ ਤਬਾਹੀ ਤੋਂ ਪੰਥ ਬਚ ਜਾਵੇਗਾ। ਫ਼ਰਜ਼ ਕਰੋ ਜੇ ਤੁਹਾਡੇ ਕਹੇ ਮੁਤਾਬਕ ਅਸੀਂ ਏਥੋਂ ਜਥਾ ਨਹੀਂ ਲੈ ਜਾਂਦੇ ਅਤੇ ਧਾਰੋਵਾਲੀ ਜਥਾ ਇਕੱਲਾ ਹੀ ਉਥੇ ਚਲਾ ਜਾਂਦਾ ਹੈ ਤਾਂ ਮਹੰਤ ਨੇ ਜੋ ਬਦਮਾਸ਼ ਅਤੇ ਪਠਾਣ ਉਥੇ ਰਖੇ ਹੋਏ ਹਨ ਅਤੇ ਅਸਲਾ ਜਮ੍ਹਾ ਕੀਤਾ ਹੋਇਆ ਹੈ, ਹੋ ਸਕਦਾ ਹੈ, ਓਹ ਸਿੰਘਾਂ ਦਾ ਨੁਕਸਾਨ ਕਰਨ। ਇਸ ਦਾ ਕੌਣ ਜ਼ਿੰਮੇਵਾਰ ਹੋਵੇਗਾ ?

ਸੰਤ ਤੇਜਾ ਸਿੰਘ :—(ਜੋ ਸਵੇਰੇ ਖਰੇ ਸੌਦੇ ਪਹੁੰਚੇ ਹੋਏ ਸਨ) ਝੱਬਰ ਸਾਹਿਬ, ਜੋ ਤੁਸੀਂ ਕਹਿੰਦੇ ਹੋ ਠੀਕ ਹੈ, ਪਰੰਤੂ ਪੰਥਕ ਮੁਖੀਆਂ ਵਲੋਂ ਰੋਕੇ ਜਾਣ ਦੇ ਬਾਵਜੂਦ ਤੁਹਾਡਾ ਜਥਾ ਲੈ ਜਾਣਾ ਜਥੇਬੰਦੀ ਦੇ ਅਸੂਲਾਂ ਦੇ ਅਨਕੂਲ ਨਹੀਂ। ਮੇਰੇ ਜਥੇ ਦੇ ਸਿੰਘ ਤਾਂ ਲਾਇਲਪੁਰ ਤੋਂ ਤੁਰਨ ਸਮੇਂ ਇਹ ਫ਼ੈਸਲਾ ਕਰ ਕੇ ਤੁਰੇ ਸਨ ਕਿ ਜੇ ਕਮੇਟੀ ਦਾ ਹੁਕਮ ਹੋਇਆ ਤਾਂ ਹੀ ਅਸੀਂ ਜਾਵਾਂਗੇ, ਵਰਨਾ ਨਹੀਂ।

ਭਾਈ ਦਲੀਪ ਸਿੰਘ :—ਜਿਥੋਂ ਤਕ ਲਛਮਣ ਸਿੰਘ ਹੋਰਾਂ ਦੇ ਜਥੇ ਨੂੰ ਜਾਣੋਂ ਰੋਕ ਲੈਣ ਦਾ ਸਵਾਲ ਹੈ, ਮੈਂ ਇਸ ਦੀ ਜ਼ਿੰਮੇਵਾਰੀ ਲੈਂਦਾ ਹਾਂ (ਦਲੀਪ ਸਿੰਘ ਨੇ ਇਹ ਗੱਲ ਆਪਣਾ ਸੀਨਾ ਠਪਦੇ ਹੋਏ ਕਹੀ) ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਜਿਵੇਂ ਵੀ ਹੋਇਆ, ਮੈਂ ਉਨ੍ਹਾਂ ਨੂੰ ਨਹੀਂ ਜਾਣ ਦੇਵਾਂਗਾ।

ਸੰਤ ਤੇਜਾ ਸਿੰਘ :—ਝੱਬਰ ਸਾਹਿਬ, ਏਨੇ ਵਿਸ਼ਵਾਸ ਦੇ ਬਾਵਜੂਦ ਵੀ ਜੇ ਤੁਸੀਂ ਜਥਾ ਲੈ ਜਾਉਗੇ ਤਾਂ ਪੰਥ ਅਤੇ ਗੁਰੂ ਮਹਾਰਾਜ ਦੇ ਦੇਣਹਾਰ ਹੋਵੋਗੇ।

ਝੱਬਰ :—ਭਾਵੇਂ ਮੇਰਾ ਦਿਲ ਤਾਂ ਨਹੀਂ ਮੰਨਦਾ ਅਤੇ ਜੇ ਅਸੀਂ ਨਾ ਗਏ ਤਾਂ ਪਤਾ ਨਹੀਂ ਇਸ ਦਾ ਨਤੀਜਾ ਕਿੰਨਾ ਭਿਆਨਕ ਹੋਵੇ, ਪਰ ਸੰਤ ਜੀ ਨੇ ਓੜਕ ਦੀ ਸਹੁੰ ਪਾ ਦਿਤੀ ਹੈ, ਜਿਸ ਨੂੰ ਉਲੰਘਣਾ ਭੀ ਕਠਨ ਹੈ। ਹੁਣ ਦਸੋ ਕਿ ਲਛਮਣ ਸਿੰਘ ਹੋਰਾਂ ਨੂੰ ਰੋਕਣ ਦਾ ਤੁਸੀਂ ਕੀ ਉਪਰਾਲਾ ਕਰੋਗੇ।

ਭਾਈ ਦਲੀਪ ਸਿੰਘ :—ਜਥੇਦਾਰ ਲਛਮਣ ਸਿੰਘ ਦੇ ਨਾਮ ਪੰਥ ਦੇ ਹੁਕਮ ਦੀ ਇਕ ਚਿਠੀ ਲਿਖੀ ਜਾਏ, ਜਿਸ ਤੇ ਅਸੀਂ ਸਾਰੇ ਦਸਖ਼ਤ ਕਰੀਏ ਅਤੇ ਇਹ ਚਿਠੀ ਲੈ ਕੇ ਅਸੀਂ ਤਿੰਨ ਚਾਰ ਘੋੜ-ਸਵਾਰ ਚੰਦਰਕੋਟ ਦੀ ਝਾਲ ਅਤੇ ਧਾਰੋਵਾਲ ਤੋਂ ਨਨਕਾਣਾ ਸਾਹਿਬ ਨੂੰ ਜਾਂਦੇ ਸਾਰੇ ਰਾਹਾਂ ਤੇ ਫਿਰ ਨਿਕਲੀਏ ਅਤੇ ਜਿਥੇ ਭੀ ਸਾਨੂੰ ਉਹ ਜਥਾ ਮਿਲ ਜਾਏ, ਇਹ ਚਿਠੀ ਦਸ ਕੇ ਉਸ ਨੂੰ ਵਾਪਸ ਮੋੜ ਦੇਈਏ। ✿



www.AKJ.Org

# ਕੁਰਬਾਨੀ ਹੈ ਬੜੀ ਅਮੁਲੀ

[ਸ: ਅਤਰ ਸਿੰਘ ਜੀ 'ਨੀਰ' M/G 289 A/Q 16, ਪੀਤਮ ਪੁਰਾ, ਦਿਲੀ-34]

ਗੁੰਮ ਚੰਦਰਮਾ ਦੀ ਸੀ ਥਾਲੀ । ਰਾਤ ਹਨੇਰੀ ਕਹਿਰਾਂ ਵਾਲੀ ।
ਬਦਲ ਗਰਜੇ, ਬਿਜਲੀ ਚਮਕੇ । ਧਰਤੀ ਦਾ ਵੀ ਜੀਅੜਾ ਧੜਕੇ ।
ਰੁਖ ਖੜੇ ਸਨ ਚੁਪ-ਚੁਪਾਤੇ । ਭੰਨੇ ਭੁੰਨੇ ਤਰੇਲੀਂ ਨ੍ਹਾਤੇ ।
ਅਖਾਂ ਮੀਟੀ ਸੁੰਨ-ਮਸੁੰਨੀ । ਚਾਨਣ ਦੀ ਟੁਟੀ ਪਈ ਕੁੰਨੀ ।
ਪਰ ਇਸ ਵੇਲੇ ਪੈਰ-ਪਿਆਦਾ, ਮਾਤਾ ਗੁਜਰੀ ਦਾ ਸ਼ਾਹਜ਼ਾਦਾ ।
ਅੰਮ੍ਰਿਤ-ਦਾਤਾ ਸਤਿਗੁਰ ਪਿਆਰਾ, ਖਾਲਸੇ ਪੰਥ ਦਾ ਸਾਜਣਹਾਰਾ ।
ਪੁਰੇ ਦੀ ਵਾ ਦਾ ਜਿਉਂਕਰ ਝੌਲਾ । ਲੰਘ ਜਾਂਦਾ ਏ ਪੋਲਾ ਪੋਲਾ;
ਜਾ ਰਿਹਾ ਸੀ ਗੁਣ-ਗੁਣਾਂਦਾ, ਖੇੜਿਆਂ ਦੇ ਵਿਚ ਸ਼ੁਕਰ ਮਨਾਂਦਾ ।
ਲੰਘਦੇ ਲੰਘਦੇ ਵਰਤਿਆ ਭਾਣਾ । ਠੇਡਾ ਲਗਾ ਥਲੇ ਢਾਹਣਾ ।
ਨਾਲ ਦੇ ਸਿੰਘ ਵੇਖ ਘਬਰਾਏ । ਆਖਣ ਕੁਝ ਵੀ ਸਮਝ ਨ ਆਏ ।
ਕੀ ਹੈ ਖੇਡ ਦਿਖਾਵਣ ਲਗੇ ! ਭਾਣਾ ਕੀ ਵਰਤਾਵਣ ਲਗੇ !
ਖੋਲ੍ਹੋ ਰਮਜ਼ਾਂ ਦੀਨ ਦਿਆਲਾ ! ਨੁਕਤਾ ਇਹ ਕੋਈ ਬੜਾ ਨਿਰਾਲਾ !
ਕਿਸ ਤਰ੍ਹਾਂ ਇਹ ਹੋਇਆ ਸਾਈਆਂ ! ਹੈ ਮੈਦਾਨ, ਨਹੀਂ ਕੋਈ ਖਾਈਆਂ !
ਨਾ ਕੋਈ ਟੋਇਆ, ਕ ਕੋਈ ਟਿੱਬਾ । ਪਥਰਾਂ ਰਾਹ ਨ ਕੀਤਾ ਚਿੱਬਾ ।
ਇਹ ਕੀ ਕਾਰਨ ਠੇਡਾ ਵਜਾ ? ਇਹ ਕੀ ਕਾਰਨ ਰੁਕਿਆ ਸੱਜਾ ?
ਦਸੋ ਸਾਨੂੰ ਮੇਹਰਾਂ ਵਾਲੇ ! ਖੋਲ੍ਹ ਦਿਉ ਗੁੰਝਲਾਂ ਦੇ ਤਾਲੇ !
ਏਨੇ ਵਿਚ ਬਿਜਲੀ ਲਿਸ਼ਕਾਈ । ਜਿਸ ਨੇ ਗੁੰਝਲ ਸਭ ਸੁਲਝਾਈ ।
ਬੋਲੇ ਸਤਿਗੁਰ ਦੀਨ ਦਿਆਲੂ : ਮੇਹਰਾਂ ਵਾਲੇ ਪਰਮ ਕਿਰਪਾਲੂ :
ਵੇਖ ਲਿਆ ਜੇ ਸਿੰਘੋ ਕਾਰਾ । ਵੇਖ ਲਿਆ ਜੇ ਇਹ ਨਜ਼ਾਰਾ ।

---

✿ ਚੁਨਾਂਚਿ ਚਿਠੀ ਲਿਖੀ ਗਈ ਅਤੇ ਭਾਈ ਦਲੀਪ ਸਿੰਘ; ਸ: ਜਸਵੰਤ ਸਿੰਘ, ਸੰਤ ਤੇਜਾ ਸਿੰਘ ਅਤੇ ਕਰਤਾਰ ਸਿੰਘ ਝੱਬਰ ਵਲੋਂ ਇਸ ਤੇ ਦਸਖ਼ਤ ਕਰ ਦੇਣ ਉਪਰੰਤ ਭਾਈ ਦਲੀਪ ਸਿੰਘ ਨੂੰ ਇਹ ਦਿਤੀ ਗਈ, ਜੋ ਚਾਰ ਘੋੜਿਆਂ ਤੇ ਭਾਈ ਵਰਿਆਮ ਸਿੰਘ ਗਰਮੂਲਾ, ਗੁਰਦਿਤ ਸਿੰਘ ਝੀਂਡਾ ਅਤੇ ਭਾਈ ਰਾਮ ਸਿੰਘ ਝੰਡਿਆਂ ਵਾਲੀ ਸਮੇਤ ਜਥੇ ਦੀ ਭਾਲ ਵਿਚ ਤੁਰ ਗਏ ।

ਝੱਬਰ ਨੇ ਗੁਰਦੁਆਰੇ ਤੋਂ ਬਾਹਰ ਆ ਕੇ ਆਪਣੇ ਜਥੇ, ਜੋ ਤਿੰਨ ਹਜ਼ਾਰ ਦੇ ਕਰੀਬ ਸਨ, ਦੇ ਸਿੰਘਾਂ ਨੂੰ ਬਦਲੇ ਗਏ ਪ੍ਰੋਗਰਾਮ ਤੋਂ ਸੂਚਤ ਕੀਤਾ ਅਤੇ ਕਿਹਾ, ਭਾਵੇਂ ਸਾਡਾ ਅੱਜ ਦਾ ਪ੍ਰੋਗਰਾਮ ਸਿਰੇ ਨਹੀਂ ਲਗਾ, ਪਰੰਤੂ ਮੈਨੂੰ ਸ਼ਕ ਹੈ ਕਿ ਸਵੇਰ ਹੋਣ ਤਕ ਨਨਕਾਣਾ ਸਾਹਿਬ ਖ਼ੈਰ ਨਹੀਂ ਰਹਿਣੀ ਅਤੇ ਤੁਹਾਡੀ ਫਿਰ ਲੋੜ ਪੈਣੀ ਹੈ । ਇਸ ਲਈ ਤੁਸੀਂ ਸਾਰੇ ਨਾ ਜਾਵੋ, ਸੌ ਕੁ ਸਿੰਘ ਏਥੇ ਠਹਿਰ ਜਾਓ । ਕਲ੍ਹ ਨੂੰ ਅਗਰ ਲੋੜ ਪੈ ਗਈ ਤਾਂ ਇਹ ਸਿੰਘ ਤੁਹਾਨੂੰ ਖ਼ਬਰ ਕਰ ਦੇਣਗੇ ।

ਇਸ ਤੇ ਜਥੇ ਅੰਦਰ ਸਮੁਚੇ ਤੌਰ ਤੇ ਮਾਯੂਸੀ ਛਾ ਗਈ, ਪਰ ਜਥੇਦਾਰ ਦਾ ਹੁਕਮ ਮੰਨਦੇ ਹੋਏ ਸੌ ਕੁ ਸਿੰਘ ਉਥੇ ਰਹਿ ਗਏ ਅਤੇ ਬਾਕੀ ਆਪੋ ਆਪਣੇ ਘਰਾਂ ਨੂੰ ਪਰਤ ਗਏ । [ਚਲਦਾ]

["ਜਥੇਦਾਰ ਭਾਈ ਕਰਤਾਰ ਸਿੰਘ ਝੱਬਰ" ਪੁਸਤਕ ਵਿਚੋਂ



www.AKJ.Org

ਇਹ ਅਜੀਤ ਪਿਆਰਾ ਸੁਤੈ । ਰਣ ਵਿਚ ਲੈ ਹੁਲਾਰਾ ਸੁਤੈ।
ਮਰ ਕੇ ਵੀ ਨਹੀਂ ਮੋਹ ਵੰਜਾਇਆ। ਵੇਖੋ ਰਾਹ ਵਿਚ ਡੇਰਾ ਲਾਇਆ।
ਸੁਣ ਕੇ ਨਾਂ, ਅਜੀਤ ਨੂੰ ਚਾਇਆ, ਸਿੰਘਾਂ ਚੁੰਮਿਆ, ਸੀਨੇ ਲਾਇਆ।
ਲੋਥ ਦੇ ਨਾਲ ਗਏ ਪਰੋਤੇ । ਗਡੇ ਮੀਲ ਦੇ ਵਾਂਗ ਖਲੋਤੇ।
ਤਦ ਗੁਰ ਕਹਿਆ, ਪਿਆਰੇ ਸਿੰਘੋ ! ਮੇਰੇ ਰਾਜ-ਦੁਲਾਰੇ ਸਿੰਘੋ!
ਅਜੇ ਹੈ ਹੋਰ ਕਮਾਈ ਬਹੁਤੀ । ਮਨਜ਼ਲ ਦੀ ਚੜ੍ਹਾਈ ਬਹੁਤੀ।
ਥਿੜਕ ਰਹੇ ਹੋ ਹੀਰਿਓ ਰਾਹ ਚੋਂ । ਹੀਰੇ ਲਭੋ ਬੁਝੀ ਭਾਹ ਚੋਂ।
ਮੋਹ ਚਿ ਫ਼ਰਜ਼ ਭੁਲਾਣਾ ਨਹੀਂ ਏ । ਮੋਹ ਚਿ ਲਾਲ ਗਵਾਣਾ ਨਹੀਂ ਏ।
ਕੁਰਬਾਨੀ ਹੈ ਬੜੀ ਅਮੁੱਲੀ । ਕੌਡਾਂ ਦੇ ਸੰਗ ਕਦੇ ਨ ਤੁੱਲੀ।
ਮੋਹ ਤੇ ਮਾਇਆ ਦੇ ਥਪੇੜੇ । ਢੁਕ ਨ ਸਕਣ ਇਹਦੇ ਨੇੜੇ।
ਹੋਰ ਵੀ ਵੇਖੋ ਭੈਣਾਂ ਵਾਲੇ, ਗਾਨੇ-ਬਧੀਆਂ ਦੇ ਉਜਿਆਲੇ।
ਕਈਆਂ ਵੀਰਾਂ ਦੀਆਂ ਬਾਹਵਾਂ । ਤਕਣ ਰਾਹ ਜਿਨ੍ਹਾਂ ਲਈ ਮਾਵਾਂ।
ਏਸ ਦੇ ਨਾਲ ਇਥੇ ਹੀ ਪਈਆਂ, ਸਾਰਾਂ ਜਿਨ੍ਹਾਂ ਦੀਆਂ ਕਿਸੇ ਨ ਲਈਆਂ।
ਹੋਰ ਵੀ ਇਹੋ ਜਿਹੇ ਲੜਿੱਕੇ, ਦੇਸ਼ ਪੰਥ ਤੋਂ ਹਨਗੇ ਵਿਕੇ।
ਇਹਨਾਂ ਲਈ ਹੀ ਦੇਣਾ ਕੀਤੈ । ਇਹਨਾਂ ਲਈ ਹੀ ਪਾਟਾ ਸੀਤੈ।
ਸਿਰ ਤੇ ਹੈਸੀ ਭਾਰ ਬਥੇਰਾ । ਕਰਜ਼ਾ ਹੈਸੀ ਬਹੁਤ ਘਨੇਰਾ।
ਅੱਜ ਹਾਂ ਖ਼ੁਸ਼ ਕਿ ਕੁਝ ਹੈ ਲੱਥਾ। ਉਜਲ ਹੋਇਆ ਜੱਗ ਵਿਚ ਮੱਥਾ।
ਇਹਨੂੰ ਏਥੇ ਰਹਿਣ ਦਿਉ ਹੁਣ । ਗਿਰਝਾਂ ਦੇ ਸੰਗ ਖਹਿਣ ਦਿਉ ਹੁਣ।
ਬਣਨ ਦਿਉ ਇਹਨੂੰ ਜੱਗ ਦੀ ਮਿਟੀ। ਅੰਗ-ਅੰਗ ਤੇ ਰੱਗ ਰੱਗ ਦੀ ਮਿਟੀ।
ਤਾਂ ਜੁ ਦੇਸ਼ ਦੀ ਭੂਮ ਚਿ ਮਿਲ ਕੇ, ਮਹਿਕੇ ਟਹਿਕੇ ਚਮਕੇ ਚਿਲਕੇ।
ਪੰਥ ਪਿਆਰਾ ਹੋਵੇ ਉੱਚਾ । ਦਿਤਾ ਖ਼ੂਨ ਜਿਗਰ ਦਾ ਸੁੱਚਾ।
ਜੱਗ ਲਈ ਹੋਵੇ ਥੰਮ੍ਹ ਸਹਾਰਾ । ਨੀਰ ਜੀ ਸਭ ਲਈ ਰੌਸ਼ਨ ਤਾਰਾ।

[ਸਫ਼ਾ ੩੮ ਦੀ ਬਾਕੀ]

ਗੁਰੂ ਗੋਬਿੰਦ ਸਿੰਘ ਜੀ ਬੀੜ ਤਿਆਰ ਕਰਵਾ ਆਪ ਦੱਖਣ ਵਲ ਨੂੰ ਚਲੇ ਗਏ ਤਾਂ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਸਮੁੱਚੀ ਸੇਵਾ ਦਾ ਕਾਰਜ ਬਾਬਾ ਜੀ ਨੂੰ ਸੌਂਪ ਗਏ । ਜਿਥੇ ਆਪ ਜੀ ਨੇ ਧਾਰਮਕ ਮਹੱਤਤਾ ਵਾਲੀਆਂ ਇਮਾਰਤਾਂ ਤਾਮੀਰ ਕਰਵਾਈਆਂ ਉਥੇ ਜੰਗ ਦੇ ਨੁਕਤਾ-ਏ-ਨਿਗਾਹ ਤੋਂ ਇਕ ਬਹੁਤ ਵੱਡਾ ਬੁਰਜ ਵੀ ਬਣਾਇਆ। ਇਥੇ ਰਹਿੰਦਿਆਂ ਜਿਥੇ ਬਾਬਾ ਦੀਪ ਸਿੰਘ ਜੀ ਨੇ ਇਲਾਕੇ ਦੇ ਲੋਕਾਂ ਦੀ ਜ਼ਾਲਮਾਂ ਤੋਂ ਰੱਖਿਆ ਕੀਤੀ ਉਥੇ ਗੁਰਬਾਣੀ ਦੀਆਂ ਬੀੜਾਂ ਦੇ ਆਪ ਹੱਥੀਂ ਉਤਾਰੇ ਕਰ ਕੇ ਚਹੁੰ ਤਖ਼ਤਾਂ ਨੂੰ ਭੇਜੇ।

ਇਥੇ ਰਹਿੰਦਿਆਂ ਹੀ ਜਦ ਬਾਬਾ ਦੀਪ ਸਿੰਘ ਜੀ ਨੂੰ ਖ਼ਬਰ ਹੋਈ ਕਿ ਅਬਦਾਲੀ ਦੇ ਹੁਕਮ ਨਾਲ ਜਹਾਨ ਖਾਂ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਪੂਰਿਆ ਜਾ ਰਿਹਾ ਹੈ ਤਾਂ ਆਪ ਸ਼ਹੀਦੀ ਜਥਾ ਲੈ ਕੇ ਗੁਰੂ ਘਰ ਦੀ ਪਵਿੱਤਰਤਾ ਕਾਇਮ ਰੱਖਣ ਲਈ ਸ਼ਹੀਦੀਆਂ ਪਾਉਣ ਚਲ ਪਏ। ਚੱਬੇ ਦੇ ਨੇੜੇ ਬੜੀ ਭਾਰੀ ਜੰਗ ਹੋਈ, ਜਿਸ ਵਿਚ ਆਪ ਸੀਸ ਤਲੀ ਉਤੇ ਰੱਖ ਕੇ ਲੜੇ ਅਤੇ ਦੁਸ਼ਮਣਾਂ ਨੂੰ ਭਾਂਜ ਦਿਤੀ। ਇਸੇ ਜੰਗ ਵਿਚ ਹੀ ਆਪ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ ਅਤੇ ਸਦਾ ਲਈ ਗੁਰੂ ਚਰਨਾਂ ਵਿਚ ਬਿਰਾਜਮਾਨ ਹੋ ਗਏ।

ਅਜਿਹੇ ਮਹਾਨ ਯੋਧੇ ਦੇ ਜੱਦੀ ਪਿੰਡ ਪਹੂਵਿੰਡ ਵਿਖੇ ਉਨ੍ਹਾਂ ਦੇ ਜਨਮ-ਅਸਥਾਨ ਗੁਰਦੁਆਰੇ ਦੀ ਸੇਵਾ ਬਾਬਾ ਖੜਕ ਸਿੰਘ ਜੀ ਦੇ ਉਤਰਧਿਕਾਰੀ ਬਾਬਾ ਦਰਸ਼ਨ ਸਿੰਘ ਜੀ ਨੇ ਸੰਪੂਰਨ ਕੀਤੀ ਹੈ। ਅਜੀਤ, ੨੫-੧-੯੮



www.AKJ.Org

# ਬਾਬਾ ਦੀਪ ਸਿੰਘ ਜੀ ਸ਼ਹੀਦ

[ਸ: ਜੋਗਿੰਦਰ ਸਿੰਘ ਜੀ]

ਵਿਦਵਾਨਾਂ ਦਾ ਮੱਤ ਹੈ ਕਿ : ਜਿਸ ਕੌਮ ਦੇ ਯੋਧਿਆਂ ਨੂੰ ਆਪਾ ਵਾਰ ਕੇ ਹੱਕ ਅਤੇ ਇਨਸਾਫ ਲਈ ਸ਼ਹੀਦੀਆਂ ਦੇਣੀਆਂ ਪੈਣ, ਉਸ ਕੌਮ ਦੀ ਆਪਣੇ ਦੇਸ਼, ਸਭਿਆਚਾਰ ਅਤੇ ਸਮਾਜ ਵਿਚ ਕਿਧਰੇ ਨਾ ਕਿਧਰੇ ਚੂਲ ਵਿੰਗੀ ਹੁੰਦੀ ਹੈ। ਭਾਵ ਇਹ ਕਿ ਉਸ ਨੂੰ ਨਾ ਤਾਂ ਸਮੇਂ ਦੀ ਸਰਕਾਰ ਸਮਝ ਰਹੀ ਹੁੰਦੀ ਹੈ ਅਤੇ ਨਾ ਹੀ ਸਮਾਜ, ਜਿਨੀ ਦੇਰ ਉਸ ਨੂੰ ਕੌਮ ਦੇ ਚੇਤਨਸ਼ੀਲ ਅਤੇ ਪ੍ਰਬੁੱਧ ਬਹਾਦਰ ਆਪਣੀਆਂ ਜਾਨਾਂ ਵਾਰ ਕੇ ਰਾਜਨੀਤੀ ਦੀ ਪੁੱਠੀ ਸੋਚ ਨੂੰ ਠੀਕ ਕਰਦੇ ਹਨ, ਬਹੁਤ ਸਾਰਾ ਸਮਾਂ ਵਿਹਾ ਚੁੱਕਾ ਹੁੰਦਾ ਹੈ ਅਤੇ ਉਹ ਕੀਮਤੀ ਹੀਰੇ, ਜਿਹਨਾਂ ਨੇ ਗਿਆਨ, ਵਿਗਿਆਨ ਅਤੇ ਸਾਹਿਤ ਸਮਾਂਤਰ ਜਿਹੇ ਖੇਤਰਾਂ ਵਿਚ ਚਮਕਣਾ ਹੁੰਦਾ ਹੈ, ਕੇਵਲ ਸਮੇਂ ਦੇ ਹਾਕਮਾਂ ਦੇ ਜ਼ੁਲਮ ਦੇ ਖ਼ਿਲਾਫ ਸੰਘਰਸ਼ ਕਰਦੇ ਵਿਦਾ ਹੋ ਚੁੱਕੇ ਹੁੰਦੇ ਹਨ। ਅਜੇਹੇ ਆਪਾ-ਵਾਰੂ ਯੋਧਿਆਂ ਵਿਚ ਨਾਮ ਆਉਂਦਾ ਹੈ, ਬਾਬਾ ਦੀਪ ਸਿੰਘ ਸ਼ਹੀਦ ਦਾ, ਜਿਹਨਾਂ ਨੇ ਸਮੇਂ ਦੇ ਹਾਕਮਾਂ ਵਲੋਂ ਪਾਈ ਵੰਗਾਰ ਨੂੰ ਕਬੂਲ ਕਰਦਿਆਂ ਹੋਇਆਂ ਆਪਣੇ ਇਸ਼ਟ ਨੂੰ ਉਹਨਾਂ ਦੇ ਖ਼ੂਨੀ ਪੰਜਿਆਂ ਤੋਂ ਆਜ਼ਾਦ ਕਰਵਾਇਆ। ਜਿੰਨੀ ਦੇਰ ਬਾਬਾ ਜੀ ਦੇ ਮੋਢਿਆਂ ਉਪਰ ਇਹ ਭਾਰੀ ਜ਼ਿਮੇਵਾਰੀ ਨਹੀਂ ਆਣ ਪਈ, ਉਹ ਸ਼ਾਂਤ-ਚਿੱਤ ਅਤੇ ਸਿਮਰਨ ਵਿਚ ਮਗਨ ਗੁਰੂ ਦੀਆਂ ਸੰਗਤਾਂ ਦੀ ਗਿਆਨ-ਭੁਖ ਨੂੰ ਦੂਰ ਕਰਨ ਵਿਚ ਮਗਨ ਰਹੇ।

ਮਹਾਨ ਸ਼ਹੀਦ ਬਾਬਾ ਦੀਪ ਸਿੰਘ ਦਾ ਜਨਮ ਲਾਹੌਰ ਪਰਗਣੇ ਦੇ ਪਿੰਡ ਪਹੂਵਿੰਡ ਵਿਚ ਸੰਨ ੧੬੮੨ ਈ: ਨੂੰ ਭਾਈ ਭਗਤਾ ਜੀ ਦੇ ਅਤੇ ਮਾਤਾ ਜੀਊਣੀ ਜੀ ਦੇ ਘਰ ਹੋਇਆ। ਪਿੰਡ ਪਹੂਵਿੰਡ ਲਾਹੌਰ ਵਾਲੀ ਸੜਕ ਉਪਰ ਕਸਬਾ ਭਿੱਖੀਵਿੰਡ ਅਤੇ ਖਾਲੜੇ ਦੇ ਵਿਚਕਾਰ ਸਥਿਤ ਹੈ। ਮਾਝੇ ਦੇ ਇਸ ਇਲਾਕੇ ਨੂੰ ਇਹ ਮਾਣ ਹਾਸਿਲ ਹੈ ਕਿ ਇਸ ਵਿਚ ਸਿੱਖੀ ਦਾ ਇਤਿਹਾਸ ਧੜਕਦਾ ਹੈ। ਇਸ ਦੇ ਕਣ ਕਣ ਨੂੰ ਜਿਥੇ ਸਿਖ ਸ਼ਹੀਦਾਂ ਦੇ ਖੂਨ ਨਾਲ ਸਿੰਜਿਆ ਹੈ, ਉਥੇ ਬਾਬਾ ਬੁੱਢਾ ਸਾਹਿਬ ਜੀ, ਬਾਬਾ ਬਿਧੀ ਚੰਦ ਜੀ, (ਸੁਰ ਸਿੰਘ) ਵਰਗੇ ਬ੍ਰਹਮ ਗਿਆਨੀਆਂ ਦੇ ਅੰਮ੍ਰਿਤ ਬੋਲ ਵੀ ਗੂੰਜਦੇ ਰਹੇ ਹਨ। ਸ੍ਰੀ ਗੁਰੂ ਅਮਰ ਦਾਸ ਜੀ ਅਤੇ ਭਾਈ ਗੁਰਦਾਸ ਜੀ ਦੇ ਜਨਮ ਅਸਥਾਨ ਵੀ ਇਥੋਂ ਕੋਈ ਬਹੁਤੀ ਦੂਰ ਨਹੀਂ। ਭਾਈ ਤਾਰਾ ਸਿੰਘ, ਭਾਈ ਤਾਰੂ ਸਿੰਘ, ਭਾਈ ਭਾਗੋ (ਝਬਾਲ), ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ ਵਰਗੇ ਸ਼ਹੀਦਾਂ ਦੇ ਸਥਾਨ ਅਤੇ ਕਵੀ ਸੰਤੋਖ ਸਿੰਘ ਜਿਹੇ ਇਤਿਹਾਸਕਾਰਾਂ ਦੇ ਸਥਾਨ ਇਸ ਦੇ ਦੁਆਲੇ ਫੈਲੇ ਪਏ ਹਨ। ਗੱਲ ਕੀ, ਕੋਈ ਅਜਿਹਾ ਪਿੰਡ ਨਹੀਂ ਜਿਸ ਨੇ ਸਿੱਖ ਇਤਿਹਾਸ ਵਿਚ ਆਪਣਾ ਯੋਗਦਾਨ ਨਾ ਪਾਇਆ ਹੋਵੇ। ਅਜਿਹੀ ਧਰਤੀ ਚੋਂ ਪੈਦਾ ਹੋ ਕੇ ਬਾਬਾ ਦੀਪ ਸਿੰਘ ਜੀ ਦਾ ਸਿੱਖੀ ਲਈ ਪਰੇਮ ਜਾਗਣਾ ਕੋਈ ਅਸੁਭਾਵਕ ਘਟਨਾ ਨਹੀਂ ਕਹੀ ਜਾ ਸਕਦੀ। ਇਹ ਉਹ ਸਮਾਂ ਸੀ ਜਦ ਸਿੱਖੀ ਦਾ ਤਪ-ਤੇਜ ਉਜਾਗਰ ਹੋ ਰਿਹਾ ਸੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਣਾ ਕਰ ਚੁੱਕੇ ਸਨ ਅਤੇ ਖਾਲਸਾ ਫੌਜ ਥਾਂ-ਥਾਂ ਮਲਾਂ ਮਾਰ ਰਹੀ ਸੀ। ਬਾਬਾ ਦੀਪ ਸਿੰਘ ਜੀ ਵੀ ਸਿੱਖੀ ਪਰੇਮ ਵਿਚ ਰੰਗੇ ਅਨੰਦਪੁਰ ਸਾਹਿਬ ਪਹੁੰਚੇ ਅਤੇ ਉਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਹੀ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਆਪ ਜੀ ਪੰਜ ਸਾਲ ਤਕ ਗੁਰੂ ਸਾਹਿਬ ਜੀ ਦੀ ਸੰਗਤ ਵਿਚ ਰਹੇ। ਇਸ ਸਮੇਂ ਆਪ ਯੁੱਧ-ਕਲਾ ਅਤੇ ਵਿਦਿਆ ਵਿਚ ਤਾਕ ਹੋ ਗਏ।

ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਹੀ ਆਪ ਆਪਣੇ ਪਿੰਡ ਪਹੂਵਿੰਡ ਪਹੁੰਚ ਕੇ ਸੰਗਤਾਂ ਵਿਚ ਧਰਮ ਪਰਚਾਰ ਅਤੇ ਗੁਰਬਾਣੀ ਦਾ ਉਪਦੇਸ਼ ਕਰਨ ਲਗੇ।

ਪਹਾੜੀ ਰਾਜਿਆਂ ਨਾਲ ਯੁੱਧ ਕਰਨ ਤੋਂ ਬਾਅਦ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਪਹੁੰਚੇ ਤਾਂ ਗੁਰਬਾਣੀ ਦੀ ਬੀੜ ਤਿਆਰ ਕਰਨ ਵਿਚ ਸਹਾਇਤਾ ਕਰਨ ਲਈ ਆਪ ਜੀ ਨੂੰ ਤਲਵੰਡੀ ਸਾਬੋ ਬੁਲਾ ਲਿਆ ਗਿਆ, ਜਿਥੇ ਆਪ ਜੀ ਭਾਈ ਮਨੀ ਸਿੰਘ ਜੀ ਨਾਲ ਗੁਰਬਾਣੀ ਦੀ ਲਿਖਾਈ ਵਿਚ ਸਹਾਇਤਾ ਕਰਦੇ ਰਹੇ। ਸ੍ਰੀ

[ਬਾਕੀ ਦੇਖੋ ਸਫ਼ਾ ੩੭ ਦੇ ਹੇਠ]



www.AKJ.Org

## 'ਸੂਰਾ' ਜੁਲਾਈ ਤੇ ਅਕਤੂਬਰ ੧੯੮੭ ਦੇ ਪਰਚੇ ਜ਼ਬਤ

ਜੁਲਾਈ ੧੯੮੭ ਦੇ 'ਸੂਰਾ' ਵਿਚਲੇ ਇਕ ਲੇਖ ਦੀਆਂ ਕੁਝ ਸਤਰਾਂ ਸਰਕਾਰ ਵਿਰੋਧੀ ਦਸ ਕੇ ਜ਼ਬਤ ਕੀਤਾ ਗਿਆ ਹੈ। ਹੁਣ ਅਕਤੂਬਰ ੧੯੮੭ ਦੇ 'ਸੂਰਾ' ਵਿਚੋਂ ਕੁਝ ਸਤਰਾਂ ਪੰਜਾਬ ਸਰਕਾਰ ਵਲੋਂ ਇਤਰਾਜ਼ ਯੋਗ ਦਸੀਆਂ ਗਈਆਂ ਹਨ, ਜਿਸ ਕਰਕੇ ਇਹ ਪਰਚਾ ਵੀ ਜ਼ਬਤ ਕਰ ਲਿਆ ਹੈ। ਇਸੇ ਪਰਚੇ ਪਿਛੇ 'ਸੂਰਾ' ਦੇ ਸੰਪਾਦਕ ਨੂੰ ਗ੍ਰਿਫ਼ਤਾਰ ਹੋ ਕੇ ਦੋ ਰਾਤਾਂ ਗੰਦੀ ਮੰਦੀ ਹਵਾਲਾਤ ਵਿਚ ਅਤੇ ਤਿੰਨ ਰਾਤਾਂ ਜੇਲ੍ਹ ਵਿਚ ਕਟਣੀਆਂ ਪਈਆਂ ਹਨ।

## ਅਖੰਡ ਕੀਰਤਨੀ ਜਥਾ (ਚਲਦਾ ਵਹੀਰ ਇੰਟਰਨੈਸ਼ਨਲ) ਵਲੋਂ ਅਮਰੀਕਾ ਵਿਖੇ ਗੁਰਮਤਿ ਪਰਚਾਰ

ਭਾਈ ਰਾਜਿੰਦਰ ਸਿੰਘ ਜੀ ਡਡਲੀ ਤੋਂ ਸੂਚਨਾ ਦੇਂਦੇ ਹਨ—

10 ਜਨਵਰੀ ਤੋਂ 22 ਫ਼ਰਵਰੀ 1988 ਤਕ ਕੀਰਤਨੀ ਜਥੇ ਵਲੋਂ ਅਮਰੀਕਾ ਦੇ ਵਖ ਵਖ ਸ਼ਹਿਰਾਂ ਵਿਚ ਅਖੰਡ ਕੀਰਤਨ ਅਤੇ ਅੰਮ੍ਰਿਤ ਸੰਚਾਰ ਹੋ ਰਹੇ ਹਨ। ਵਧੇਰੇ ਜਾਣਕਾਰੀ ਲਈ ਅਖੰਡ ਕੀਰਤਨੀ ਜਥਾ ਯੂ. ਐਸ. ਏ.—
(1) ਭਾਈ ਜਗਦੀਸ਼ ਸਿੰਘ ਫ਼ੋਨ (916)-383-5657, ਭਾ: ਗੁਰਦੀਪ ਸਿੰਘ ਫ਼ੋਨ (408)-258-2546

## ਅਖੰਡ ਕੀਰਤਨੀ ਜਥਾ ਯੂ. ਕੇ. ਦੀ ਜਨਰਲ ਬਾਡੀ ਦੀ ਮੀਟਿੰਗ

ਭਾਈ ਦੀਦਾਰ ਸਿੰਘ ਜਥੇਦਾਰ ਜੀ ਸੂਚਨਾ ਦੇਂਦੇ ਹਨ ਕਿ ਅਖੰਡ ਕੀਰਤਨੀ ਜਥਾ ਯੂ. ਕੇ. ਦੀ ਨਵੀਂ ਕਮੇਟੀ ਦੇ ਸੇਵਾਦਾਰਾਂ ਦੀ ਚੋਣ 26-3-88 ਨੂੰ ਅਖੰਡ ਕੀਰਤਨ ਦਰਬਾਰ, ਗਲੋਬ ਸਟਰੀਟ, ਬਰਮਿੰਘਮ ਵਿਖੇ ਹੋ ਰਹੀ ਹੈ। ਸਾਰੇ ਮੈਂਬਰ ਮੌਕੇ ਸਿਰ ਪੁਜਣ ਦੀ ਕਿਰਪਾਲਤਾ ਕਰਨ।

## ਨੌਜਵਾਨ ਅਖੰਡ ਕੀਰਤਨ ਜਥਾ ਬਰੇਲੀ (ਯੂ. ਪੀ.) ਵਲੋਂ ਗੁਰਮਤਿ ਪ੍ਰੋਗਰਾਮ

(੧) ਪਿੰਡ ਨਗਾਰਾ (ਬਰੇਲੀ-ਸ਼ਾਹਜਹਾਨਪੁਰ ਰੋਡ) ਗੁਰਦੁਆਰਾ ਸਾਹਿਬ ੨੭ ਫ਼ਰਵਰੀ ਸ਼ਨੀਵਾਰ ਸ਼ਾਮ ਅੰਮ੍ਰਿਤ ਸੰਚਾਰ ਤੇ ਰੈਣ ਸਬਾਈ ਕੀਰਤਨ (੨) ਭਾ: ਮਹਿੰਦਰ ਸਿੰਘ ਦੇ ਗ੍ਰਿਹ 'ਵਾਹਿਗੁਰੂ ਵਿੱਲਾ' ਸ਼ਾਸਤਰੀ ਨਗਰ (ਕੁਹਾੜਾਪੀਰ) ਬਰੇਲੀ ਵਿਖੇ ੮ ਫ਼ਰਵਰੀ ਰਾਤ ੭ ਤੋਂ ੧੦ ਮਾਸਕ ਕੀਰਤਨ। (੩) ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਬਰੇਲੀ ਵਿਖੇ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ—੨੧ ਫ਼ਰਵਰੀ ਐਤਵਾਰ ਸਵੇਰੇ ੫ ਤੋਂ ੯ ਕੀਰਤਨ।

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਸਿਖ ਸੰਗਤਾਂ ਵਲੋਂ ਗੁਰਸਿਖ ਪੀੜਤ ਪਰਵਾਰਾਂ ਲਈ ਹੇਠ ਲਿਖੇ ਅਨੁਸਾਰ ਮਾਇਆ ਪੁਜੀ ਹੈ—

| | | | |
|---|---|---|---|
| ਗਿ: ਪ੍ਰੀਤਮ ਸਿੰਘ ਯੋਗੀ ਸਲੋਅ ਯੂ. ਕੇ. | ੨੨੭-੧੫ | ਸ: ਪੀ. ਐਸ. ਗਿਲ, ਨਾਰਥੈਂਪਟਨ ਯੂ. ਕੇ. | ੪੧੩-੦੦ |
| ਸਾਧ ਸੰਗਤ ਗੁਰਦੁਆਰਾ ਲੇਟਨ ,, | ੨੬੬੩-੮੫ | ਸ: ਟੀ. ਐਸ, ਅਟਵਾਲ ,, ,, | ੪੧੩-੦੦ |
| ਭਾਈ ਜਸਵੰਤ ਸਿੰਘ ਅਤੇ ਸਾਧ ਸੰਗਤ ਸਲੋਅ ,, | ੧੭੮੬-੨੦ | ਗੁਰੂ ਨਾਨਕ ਪ੍ਰਕਾਸ਼ ਗੁਰਦੁਆਰਾ ਕੋਵੈਨਟਰੀ ਯੂ, ਕੇ. | ੩੩੮੬-੬੦ |
| ਸਰਦਾਰਨੀ ਬਲਬੀਰ ਕੌਰ ਤੇ ਸ:ਸੁਰਿੰਦਰ ਸਿੰਘ ਰੈਡਿੰਗ | ੨੦੬-੫੦ | ਸ: ਦਵਿੰਦਰ ਸਿੰਘ, ਫ਼ੀਰੋਜ਼ਪੁਰ | ੫੫੦-੦੦ |
| ਸਿਖ ਟੈਂਪਲ ਲੈਮਿੰਗਟਨ ਯੂ. ਕੇ. | ੫੭੬੨-੪੦ | ਭਾਈ ਜਗਦੀਸ਼ ਸਿੰਘ ਕਠਮੰਡੂ | ੫੧-੦੦ |
| ਭਾ:ਸਤਨਾਮ ਸਿੰਘC/0ਭਾ: ਗੁਰਨਾਮ ਸਿੰਘ ਰੈਡਿੰਗ | ੧੮੬੯੯-੪੦ | ਕੈਪਟਨ ਗੁਰਮੁਖ ਸਿੰਘ ਪਿੰਡ ਸ਼ੰਕਰ | ੧੦੧-੦੦ |
| ਸਿਖ ਟੈਂਪਲ ਸਵਿੰਡਨ ਯੂ. ਕੇ. | ੨੪੭੮-੦੦ | ਸਰਦਾਰਨੀ ਸਵਰਨ ਕੌਰ, ਨਵੀਂ ਦਿਲੀ ੧੮ | ੧੦੦-੦੦ |
| ਸ: ਅਮਰੀਕ ਸਿੰਘ ਕੋਵੈਨਟਰੀ ,, | ੧੦੩੨-੫੦ | ਸਾਧ ਸੰਗਤ ਪੱਛਮੀ ਜਰਮਨੀ | ੨੦੨੦੦-੦੦ |
| ਸ: ਹਰਦੀਸ਼ ਸਿੰਘ ਗਰੇਵਾਲ, ਮਿਸੀਸੌਗਾ, ਕੈਨੇਡਾ | ੭੪੩-੪੦ | ਭਾਈ ਸਾਹਿਬ ਬਾਬਾ ਜੀਵਨ ਸਿੰਘ ਜੀ | ੧੫੦੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਬਚਨ ਕੌਰ ਮਾਤਾ ਸ਼ਹੀਦ ਭਾਈ ਨਿਰਮਲ ਸਿੰਘ ਬਟਾਲਾ ਨੂੰ ਸਿਲਾਈ ਮਸ਼ੀਨ ਤੇ ਨਕਦ | ੨੪੩੦-੦੦ |
| ਬੀਬੀ ਬਰਕਤ ਕੌਰ ਮਾਤਾ ਸ਼ਹੀਦ ਭਾਈ ਕਰਮ ਸਿੰਘ ਬਟਾਲਾ ਨੂੰ ਸਿਲਾਈ ਮਸ਼ੀਨ ਤੇ ਨਕਦ | ੨੪੩੦-੦੦ |
| ਬੀਬੀ ਸੁਰਿੰਦਰ ਕੌਰ ਸੁਪਤਨੀ ਭਾਈ ਬਲਦੇਵ ਸਿੰਘ, ਤਲਵੰਡੀ ਭਾਈ, ਪਤੀ ਕੈਦ, ਰੁਜ਼ਗਾਰ ਬੰਦ ਹੋਣ ਕਰਕੇ | ੫੭੦੦-੦੦ |
| ,, ,, ,, ,, ਬੱਚੀ ਦੀ ਸ਼ਾਦੀ ਲਈ | ੫੦੦੦-੦੦ |
| ਬੀਬੀ ਜਸਵੰਤ ਕੌਰ ਸੁਪਤਨੀ ਸ: ਜੋਗਿੰਦਰ ਸਿੰਘ ਅਖਾੜਾ ਨੂੰ ਮਾਸਕ ਸਹਾਇਤਾ | ੩੦੦-੦੦ |
| ਸ: ਤੇਜਿੰਦਰ ਸਿੰਘ ਸਪੁਤਰ ਸ: ਜੋਗਿੰਦਰ ਸਿੰਘ ਦਿਲੀ ਤੋਂ ਜਲੰਧਰ ਵਿਦਿਆ-ਪ੍ਰਾਪਤੀ ਲਈ ਮਾਸਕ ਸਹਾਇਤਾ | ੨੦੦-੦੦ |
| ਸ: ਦੇਵਿੰਦਰ ਸਿੰਘ ,, ,, ,, ,, | ੨੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸਰ

| | | | | |
|---|---|---|---|---|
| ਸੋਧ ਲਵੋ—ਪੰਨਾ | ੪, ਸਤਰ ੨੦ | ਛੁਟਕਾਰਾ ਮਿਲ ਸਕਦਾ | ਦੀ ਥਾਂ | ਨਹੀਂ ਮਿਲ ਸਕਦਾ |
| | ੯ ,, ਹੇਠੋਂ ੩ | ਜਪਾਪੈ | ,, | ਜਪਾਵੈ |
| | ੧੫ ,, ਆਖ਼ਰੀ | de strouger | ,, | be stronger |
| | ੧੮ ਕਵਿਤਾ | ਖਾਦ ਏਸ ਵਿਚ ਪਾਣੀ | ,, | ਖਾਦ ਏਸ ਵਿਚ ਪਾਈ |

www.AKJ.Org

## ਪਟਿਆਲਾ ਸਾਲਾਨਾ ਅਖੰਡ ਕੀਰਤਨ ਸਮਾਗਮ ਤੇ ਰੈਣ ਸਬਾਈ

ਇਸ ਸਮਾਗਮ ਵਿਚ ਭਾ: ਸਾ: ਭਾ: ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥੇ ਪੁਜ ਕੇ ਕੀਰਤਨ ਦਾ ਰਸ ਮਾਣਨਗੇ । ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਸ਼ਨੀਵਾਰ ਮਿਤੀ [illegible] ਸਵੇਰੇ ੪ ਵਜੇ ਤੋਂ ਦੁਪਹਿਰ ਇਕ ਵਜੇ ਤਕ ਅਤੇ ਰਾਤ ਨੂੰ ਦੀਵਾਨ ਹਾਲ ਵਿਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ । ਅੰਮ੍ਰਿਤ ਸਿੰਚਾਰ ਇਸੇ ਦਿਨ ਸ਼ਾਮ ਨੂੰ ਹੋਵੇਗਾ ।

ਦਾਸ—ਅਖੰਡ ਕੀਰਤਨੀ ਜਥਾ ਪਟਿਆਲਾ

## ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ

### ਸੋਮਵਾਰ ੨੯ ਫ਼ਰਵਰੀ ਤੋਂ ੩ ਮਾਰਚ ੧੯੮੮ ਵੀਰਵਾਰ ਸਵੇਰ ਤਕ

ਪਿਛਲੇ ਸਾਲਾਂ ਵਾਂਗ ਸਮੂਹ ਅਖੰਡ ਕੀਰਤਨੀ ਜਥਿਆਂ ਵਲੋਂ ਹੋਲਾ ਮਹੱਲਾ ਸਮਾਗਮ ਕਲਗੀਧਰ ਸਚੇ ਪਾਤਸ਼ਾਹ ਦੀ ਨਗਰੀ ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ (ਲੋਹਗੜ੍ਹ ਰੋਡ) ਵਿਖੇ ਮਨਾਇਆ ਜਾ ਰਿਹਾ ਹੈ । ਪ੍ਰੋਗਰਾਮ ਇਉਂ ਹੈ—

| | |
|---|---|
| ੨੯-੨-੮੮ ਸਵੇਰੇ ੫ ਵਜੇ ਅਰੰਭ ਸ੍ਰੀ ਅਖੰਡਪਾਠ ਸਾਹਿਬ | ਗੁ: ਕਲਗੀਧਰ ਕੀਰਤਨ ਦਰਬਾਰ ਵਿਖੇ |
| ਸ਼ਾਮ ੬ ਤੋਂ ੮ ਸ਼ਬਦ ਚੌਕੀ | ਗੁਰਦੁਆਰਾ ਲੋਹਗੜ੍ਹ ਸਾਹਿਬ ਵਿਖੇ |
| ੧-੩-੮੮ ਸਵੇਰੇ ੫ ਤੋਂ ੧੨ ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁ: ਕਲਗੀਧਰ ਕੀਰਤਨ ਦਰਬਾਰ ਵਿਖੇ |
| ਸ਼ਾਮ ੭ ਤੋਂ ੯ ਸ਼ਬਦ ਚੌਕੀ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ |
| ੨-੩-੮੮ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਦੋ ਵਜੇ ਤਕ ਕੀਰਤਨ, | ਗੁ: ਕਲਗੀਧਰ ਕੀਰਤਨ ਦਰਬਾਰ ਵਿਖੇ |
| ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ, | " " " " |
| ੩-੩-੮੮ ਸਵੇਰੇ ੭ ਵਜੇ ਸਮਾਪਤੀ । | |

ਨੋਟ :—ਆਪਣੇ ਬਿਸਤਰੇ ਨਾਲ ਲੈ ਕੇ ਆਓ ਜੀ (੨) ਰਿਹਾਇਸ਼ ਦਾ ਪਰਬੰਧ ਕੇਵਲ ਨਾਮ ਬਾਣੀ ਨਾਲ ਜੁੜਨ ਵਾਲੀਆਂ ਅੰਮ੍ਰਿਤਧਾਰੀ ਸੰਗਤਾਂ ਲਈ ਸਮਾਪਤੀ ਤਕ ਹੋਵੇਗਾ ।

ਪੁਛ ਗਿਛ : (੧) ਭਾਈ ਅਵਤਾਰ ਸਿੰਘ, ਅਸਿਸਟੈਂਟ, ਇੰਪਰੂਵਮੈਂਟ ਟਰੱਸਟ, ਖੰਨਾ
(੨) ਭਾਈ ਹਰਮਹਿੰਦਰ ਸਿੰਘ ਗੋਬਿੰਦਪੁਰੀ, ਸਿਖ ਨੈਸ਼ਨਲ ਕਾਲਜ, ਬੰਗਾ (ਜਲੰਧਰ)

### ਕੁਰਾਲੀ ਵਿਖੇ ਸਾਲਾਨਾ ਸਮਾਗਮ ੧੭ ਤੋਂ ੨੦ ਮਾਰਚ ੧੯੮੮ ਐਤਵਾਰ ਸਵੇਰ ਤਕ

### ਸ਼ਹੀਦ ਅਵਤਾਰ ਸਿੰਘ ਦੀ ਯਾਦ ਵਿਖੇ ਸਾਲਾਨਾ ਸਮਾਗਮ ੧੭ ਤੋਂ ੧੯ ਮਾਰਚ ਤਕ

### ਪਿੰਡ ਬਲੋਲਪੁਰ (ਗੁਰਦਾਸਪੁਰ) ਵਿਖੇ ਸਾਲਾਨਾ ਸਮਾਗਮ ੩੧ ਮਾਰਚ ਤੋਂ ੩ ਅਪ੍ਰੈਲ ਸਵੇਰ ਤਕ

### ਅਖੰਡ ਕੀਰਤਨੀ ਜਥਾ ਮੋਗਾ ਵਲੋਂ ਪਿੰਡ ਰਤੀਆਂ ਭਾ: ਅਜੀਤ ਸਿੰਘ ਦੇ ਗ੍ਰਹਿ ਵਿਖੇ ਗੁਰਮਤਿ ਸਮਾਗਮ

੭ ਫ਼ਰਵਰੀ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੀ ਸ਼ਮਾਪਤੀ ਉਪ੍ਰੰਤ ੧੧ ਵਜੇ ਤਕ ਅਖੰਡ ਕੀਰਤਨ ਵਿਖੇ ਹਾਜ਼ਰੀਆਂ ਭਰੋ ਜੀ।

### ਪਿੰਡ ਬੁਢੇਵਾਲ (ਲੁਧਿਆਣਾ) ਭਾਈ ਸੰਤੋਖ ਸਿੰਘ ਦੇ ਗ੍ਰਹਿ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਸਤਵੰਤ ਸਿੰਘ ਸੂਚਨਾ ਦੇਂਦੇ ਹਨ ਕਿ ੨੦ ਫ਼ਰਵਰੀ ਰਾਤ ਨੂੰ ਕੀਰਤਨ । ਲੁਧਿਆਣੇ ਲੋਕਲ ਬਸ ਧਨਾਨਸੂ ਵਾਲੀ ।

### ਪਿੰਡ ਝਾਂਡੇਖਾਨਾ ਬਦੋਵਾਲ (ਲੁਧਿਆਣਾ) ਵਿਖੇ ਦਿਵਸ ਸੁਹੇਲਾ ਕੀਰਤਨ

ਡਾ: ਗੁਰਚਰਨ ਸਿੰਘ ਦੇ ਗ੍ਰਹਿ ੭ ਫ਼ਰਵਰੀ ਐਤਵਾਰ ਸਵੇਰੇ ੬ ਵਜੇ ਤੋਂ ਦੁਪਹਿਰ ਤਕ ਕੀਰਤਨ ਵਿਚ ਆਇ ਜੁੜੋ ਜੀ ।

### ਰਾਜਪੁਰਾ ਗੁਰਦੁਆਰਾ ਜਾਪੁ ਸਾਹਿਬ, ਗੋਬਿੰਦ ਕਲੋਨੀ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ

੨੧ ਫ਼ਰਵਰੀ ਐਤਵਾਰ ਸਵੇਰੇ ੭ ਤੋਂ ੧੨ ਤਕ ਅਖੰਡ ਕੀਰਤਨ ਵਿਚ ਆਇ ਜੁੜੋ ਜੀ ।

### ਗੁਰੂ ਕੀ ਵਡਾਲੀ (ਸ੍ਰੀ ਅੰਮ੍ਰਿਤਸਰ) ਭਾਈ ਗੁਰਦਿਆਲ ਸਿੰਘ ਦੇ ਗ੍ਰਹਿ ਵਿਖੇ ਅਖੰਡ ਕੀਰਤਨ

੨੮ ਫ਼ਰਵਰੀ ਐਤਵਾਰ ਸਵੇਰ ੬ ਤੋਂ ੧੧ ਤਕ ਅਖੰਡ ਕੀਰਤਨ ਵਿਚ ਆਇ ਜੁੜੋ ਜੀ ।

### ਸ਼ਹੀਦਾਂ ਦੀ ਯਾਦ ਗੁ: ਟਾਹਲੀ ਸਾਹਿਬ (ਸੰਤੋਖਸਰ) ਅੰਮ੍ਰਿਤਸਰ ੨੦ ਫ਼ਰਵਰੀ ਰਾਤ ਰੈਣ ਸਬਾਈ

ਮਨੀਆਰਡਰ ਤੇ ਬੈਂਕ ਡਰਾਫ਼ਟ ਭੇਜਣ ਦਾ ਪਤਾ :

**Sura Monthly, Bazar Mai Sewan, Amritsar**

www.AKJ.Org